# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਹੋਲੇ ਮਹੱਲੇ ਦੀ ਅਰੰਭਕ ਯਾਦ

ਕਿਲ੍ਹਾ ਅਨੰਦਗੜ੍ਹ ਸਾਹਿਬ (ਸ੍ਰੀ ਅਨੰਦਪੁਰ)

ਮਾਰਚ ੧੯੭੮ Mar. 1978



ਪਹਿਲ ਬਸੰਤੈ ਆਗਮਨ, ਪਹਿਲਾ ਮਉਲਿਓ ਸੋਇ ॥
ਜਿਤੁ ਮਉਲਿਐ ਸਭ ਮਉਲੀਐ, ਤਿਸੈ ਨ ਮਉਲਿਓ ਕੋਇ ॥੧॥੧੯॥

ਸਲੋਕ ਮ: ੧, ਪੰਨਾ ੧੯੧

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਰੇ ਮਨ ਇਹ ਬਿਧਿ ਜੋਗੁ ਕਮਾਉ | ਰਾਮਕਲੀ ਪਾਤਸ਼ਾਹੀ ੧੦ | ੧ |
| ਗਗਨ ਉਡਾਰੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਸ਼ਬਦ-ਸੁਗੰਧ (ਗਜ਼ਲ) | ਗਿ: ਗੋਪਾਲ ਸਿੰਘ ਜੀ ਮਿੱਤਰ | ੧੦ |
| ਆਸ ਗੁਰੂ ਕਲਗੀਧਰ ਦੀ (ਰੁਬਾਈ) | ,, ,, | ੧੦ |
| ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ | ਪ੍ਰੋਫੈਸਰ ਪੂਰਨ ਸਿੰਘ ਜੀ | ੧੧ |
| ਇਕ ਸੱਚੀ ਵਾਰਤਾ | ਗਿਆਨੀ ਦੀਦਾਰ ਸਿੰਘ ਜੀ | ੧੭ |
| ਤਸਵੀਰਾਂ ਅਤੇ ਪੰਜਾਬ ਸਿੰਧ ਬੈਂਕ | ਗੁਰਮਤਿ ਵਿਚਾਰ ਪਤ੍ਰਕਾ | ੨੦ |
| ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੧ |
| ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੪) | ਕੈਪਟਨ ਸਵਰਨ ਸਿੰਘ ਜੀ | ੩੦ |


ਨੋਟ :—ਐਤਕੀ ਤਿੰਨ ਚਾਰ ਵੱਡੇ ਵੱਡੇ ਲੇਖ ਛਪਣ ਕਰਕੇ ਕਈ ਲੇਖ ਛਪਣੇ ਰਹਿ ਗਏ ਹਨ ।

## ਹੋਲਾ ਮਹੱਲਾ ੨੫ ਮਾਰਚ

**ਮਾਨਯਵਰ ਬਾਊ ਮਲ ਸਿੰਘ ਜੀ ਦੀ ਸਿਹਤ**-ਬਾਊ ਜੀ ਦੀ ਉਮਰ ਇਸ ਵੇਲੇ ੯੯ ਸਾਲ ਹੈ,ਇਸ ਲਈ ਵਧੇਰੀ ਉਮਰ ਦੇ ਕਾਰਨ ਸਰੀਰ ਤੇ ਸਿਹਤ ਕਮਜ਼ੋਰ ਅਤੇ ਸਫ਼ਰ ਕਰਨ ਦੇ ਲਾਇਕ ਨਹੀਂ ਹੈ । ਆਪ ਜੀ ਨੇ ੬੦-੬੫ ਵਰ੍ਹੇ ਗੁਰੂ ਪੰਥ ਦੀ ਸੇਵਾ ਕੀਤੀ ਹੈ । ਹਜ਼ਾਰਾਂ ਪ੍ਰਾਣੀਆਂ ਨੂੰ ਪੰਚਮ ਵਿਚ ਜਥੇਦਾਰ ਦੀ ਸੇਵਾ ਕਰਦਿਆਂ ਅੰਮ੍ਰਿਤ ਛਕਾ ਕੇ ਲੜ ਲਾਇਆ ਹੈ । ਜਿਥੇ ਆਪ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ੧੬ ਸਾਲ ਦੀ ਜੇਲ੍ਹ ਯਾਤਰਾ ਸਮੇਂ, ਪਿਛੋਂ ਜੱਥੇ ਦੇ ਸਾਰੇ ਪ੍ਰੋਗਰਾਮਾਂ ਨੂੰ ਚੜ੍ਹਦੀ ਕਲਾ ਵਿਚ ਨਿਭਾਉਂਦੇ ਰਹੇ ਹਨ ਉਥੇ ਨਾਲ ਹੀ ਭਾਈ ਸਾਹਿਬ ਜੀ ਦੇ ਪਰਵਾਰ ਦੀ ਸਾਂਭ-ਸੰਭਾਲ ਅਤੇ ਨਿਰਬਾਹ ਦੀ ਲੁੜੀਂਦੀ ਸੇਵਾ ਆਪਣਾ ਫ਼ਰਜ਼ ਸਮਝ ਕੇ ਕਰਦੇ ਰਹੇ ਹਨ । ਸਮੂਹ ਸਿਖ ਸੰਗਤਾਂ ਦਾ ਹੁਣ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੀ ਚੜ੍ਹਦੀ ਕਲਾ ਨਮਿਤ ਸਮੇਂ ਸਮਾਗਮਾਂ ਵਿਚ ਅਰਦਾਸ ਕਰਿਆ ਕਰਨ ।

**ਸੰਗਤਾਂ ਟਪਲੇ ਤੋਂ ਸੁਚੇਤ ਰਹਿਣ**-ਅਖੰਡ ਕੀਰਤਨੀ ਜੱਥੇ ਦੇ ਸੇਵਕਾਂ ਅਤੇ 'ਸੂਰਾ' ਮਾਸਕ ਪੱਤਰ ਦੇ ਸੰਪਾਦਕੀ ਬੋਰਡ ਨੂੰ ਡਾ: ਤ੍ਰਿਲੋਚਨ ਸਿੰਘ ਦੇ ਯੂ.ਕੇ, ਅਮਰੀਕਾ ਤੇ ਕੈਨੇਡਾ ਦੀ ਫੇਰੀ ਸਮੇਂ ਦੇ ਵਖੋ ਵਖਰੇ ਥਾਵਾਂ ਉਤੇ ਕੀਤੇ ਜਾ ਰਹੇ ਆਪਣੀ ਕਿਸਮ ਦੇ ਪਰਚਾਰ ਬਾਰੇ ਪੱਤਰ ਪੁਜੇ । ਡਾ: ਤ੍ਰਿਲੋਚਨ ਸਿੰਘ ਨੇ ਭਾ: ਸਾ: ਰਣਧੀਰ ਸਿੰਘ ਜੀ ਦੇ ਨਿਕਟਵਰਤੀ ਹੋਣ ਦੇ ਦਾਅਵੇ ਕਰਕੇ ਜੋ ਯੂ ਕੇ. ਅਮਰੀਕਾ ਤੇ ਕੈਨੇਡਾ ਵਿਚ ਸਿੱਖੀ ਦੇ ਹੋ ਰਹੇ ਵਾਧੇ ਵਿਚ ਉਲਝਾਊ ਸਰਗਰਮੀਆਂ ਕੀਤੀਆਂ ਹਨ, ਜੱਥੇ ਵਲੋਂ ਉਨ੍ਹਾਂ ਬਾਰੇ ਅਸੰਮਤੀ ਦਾ ਐਲਾਨ ਕੀਤਾ ਜਾਂਦਾ ਹੈ । ਅਮਰੀਕਾ ਵਿਚ ਨਵੇਂ ਖ਼ਾਲਸਾ ਗੁਰਭਾਈਆਂ ਬਾਰੇ ਭਰਾਂਤੀਆਂ ਤੇ ਦੂਰੀ ਪੈਦਾ ਕਰਨ ਵਾਲੀ ਕਾਰਗੁਜ਼ਾਰੀ ਨੂੰ ਹਰੇਕ ਪੰਥ-ਦਰਦੀ ਵਲੋਂ ਨਿੰਦਨੀਯ ਸਮਝਿਆ ਜਾਂਦਾ ਹੈ ।

ਪ੍ਰਗਟ ਕੀਤਾ ਜਾਂਦਾ ਹੈ ਕਿ ਡਾ: ਤ੍ਰਿਲੋਚਨ ਸਿੰਘ ਜੀ ਦਾ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੱਥੇ ਵਿਚ ਕੋਈ ਵਿਸ਼ੇਸ਼ ਸਥਾਨ ਨਹੀਂ । ਉਹ ਜੱਥੇ ਦੀ ਕਿਸੇ ਤਰ੍ਹਾਂ ਵੀ ਪ੍ਰਤੀਨਿਧਤਾ ਨਹੀਂ ਕਰਦੇ ।

ਦਾਸ—ਮਲ ਸਿੰਘ ਸੇਵਾਦਾਰ (ਜੱਥੇਦਾਰ) ਅਖੰਡ ਕੀਰਤਨੀ ਜੱਥਾ

ਹੇਮਕੁੰਡ ਪ੍ਰਿੰਟਿੰਗ ਪ੍ਰੈਸ,ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ,ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ,ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ,ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੩.੭੮ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫ਼ੋਨ ਨੰਬਰ 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥




# ਅੰਮ੍ਰਿਤਸਰ


ਸਾਲਾਨਾ ਚੰਦਾ ੮—੦੦
ਇਕ ਪਰਚਾ ੦—੭੫

ਪਰਦੇਸ

ਸਮੁੰਦਰੀ ਡਾਕ ੧੮—੫੦

ਹਵਾਈ ਡਾਕ

ਅਰਬ, ਮਲਾਇਆ ੩੫—੦੦
ਯੂ. ਕੇ., ਅਫ਼ਰੀਕਾ ੫੦—੦੦
ਕੈਨੇਡਾ, ਅਮਰੀਕਾ ੫੫—੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੧੨ ਮਾਰਚ ੧੯੭੮ ਅੰਕ ੩


## ਰੇ ਮਨ ਇਹ ਬਿਧਿ ਜੋਗੁ ਕਮਾਓ

ਰੇ ਮਨ ਇਹ ਬਿਧਿ ਜੋਗੁ ਕਮਾਓ ॥
ਸਿੰਙੀ ਸਾਚ ਅਕਪਟ ਕੰਠਲਾ, ਧਯਾਨ ਬਿਭੂਤ ਚੜਾਓ ॥੧॥ਰਹਾਉ॥
ਤੰਤੀ ਗਹ ਆਤਮ ਬਸਿ ਕਰ ਕੀ, ਭਿੱਛਾ ਨਾਮ ਅਧਾਰੰ ॥
ਬਾਜੈ ਪਰਮ ਤਾਰ ਤਤੁ ਹਰਿ ਕੋ, ਉਪਜੈ ਰਾਗ ਰਸਾਰੰ ॥੧॥
ਉਘਟਤ ਤਾਨ ਤਰੰਗ ਰੰਗ ਅਤਿ ਗਯਾਨ ਗੀਤ ਬੰਧਾਨੰ ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ, ਛਕਿ ਛਕਿ ਬਯੋਮ ਬਿਵਾਨੰ ॥੨॥
ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ ॥
ਸਦਾ ਰਹੈ ਕੰਚਨ ਸੀ ਕਾਯਾ, ਕਾਲ ਨ ਕਬਹੂੰ ਬਯਾਪੈ ॥੩॥੨॥

[ਰਾਮਕਲੀ ਪਾਤਸ਼ਾਹੀ ੧੦


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਗਗਨ ਉਡਾਰੀ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

(੧)

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥ ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪ੍ਰਮਾਨੰਦੁ ਬੈਰਾਗੀ ॥੧॥ਰਹਾਉ॥ ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥ ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ੩॥੯॥ [ਮਾਰੂ ਮ: ੧, ਪੰਨਾ ੯੯੧-੯੨

ਇਸ ਗੁਰਵਾਕ ਦੀ ਅਸਥਾਈ (ਰਹਾਉ) ਵਾਲੀ ਤੁਕ "ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ" ਦਸਦੀ ਹੈ ਕਿ ਇਹ ਸ਼ਬਦ ਹਠ-ਯੋਗੀਆਂ ਦੇ ਹਠ-ਯੋਗ ਦੀ ਨਿਖੇਧੀ ਕਰਦਾ ਹੋਇਆ ਸਚੇ ਗੁਰਮਤਿ ਸਹਿਜ ਜੋਗ ਨੂੰ ਨਿਰੂਪਨ ਕਰਾਉਂਦਾ ਹੈ :—

ਐ ਹਠ ਜੋਗੀ, ਤੂੰ ਭਾਵੇਂ ਕਿੰਨਾ ਹੀ ਸੂਰ ਸਰੁ (ਸੂਰਜ ਦੀ ਸੁਰਮਈ) (ਸੱਜੀ ਨਾੜੀ) ਨੂੰ ਸੋਖ ਲੈ ਅਤੇ ਕਿਤਨਾ ਹੀ ਸੋਮ ਸਰੁ (ਚੰਦਰਮਾ) ਦੀ (ਖੱਬੀ ਨਾੜੀ) ਨੂੰ ਪੋਖ ਲੈ, ਇਹ ਤੇਰੀਆਂ ਇੜਾ ਪਿੰਗਲਾ ਨੂੰ ਸੋਖਣ ਪੋਖਣ ਦੀਆਂ ਜੁਗਤੀਆਂ ਸਭ ਬਿਰਥੀਆਂ ਹਨ। ਏਹਨਾਂ ਜੁਗਤੀਆਂ ਨੂੰ ਕਰਿ ਕਰਿ ਥਕਿ ਮਰ ਕੇ ਤੂੰ ਭਾਵੇਂ ਕਿਤਨਾ ਹੀ ਇੜਾ ਪਿੰਗਲਾ ਸੁਖਮਨਾ ਨੂੰ ਸੇਲਣ (ਸਨਬੰਧਨ, ਸਨਬੰਧ ਕਰਨ) ਦਾ ਯਤਨ ਕਰ ਲੈ, ਸਭ ਬਿਰਥਾ ਹੈ। ਸੱਚੀ ਗੁਰਮਤਿ ਯੋਗ ਦੀ ਜੁਗਤੀ ਧਾਰਨ ਕੀਤੇ ਬਿਨਾਂ ਤੇਰਾ ਪਾਰ-ਉਤਾਰਾ ਨਹੀਂ ਹੋਣਾ। ਜੋ ਸੱਚੀ ਗੁਰਮਤਿ ਸਹਿਜ ਜੋਗ ਜੁਗਤੀ ਤੁਰਤ ਫੁਰਤ ਹੀ ਤੇਰਾ ਪਾਰ-ਉਤਾਰਾ ਕਰਨ ਨੂੰ ਸਮਰਥ ਹੈ ਸੋ ਜੁਗਤੀ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਭਰੱਬੀ ਪਵਨ ਜਦ ਨਾਭੀ ਅੰਦਰ ਜਾ ਟਿਕਦੀ ਹੈ ਤਾਂ ਨਾਭ ਕਮਲ ਨੂੰ ਹਰਾ ਭਰਾ ਕਰ ਕੇ (ਵਿਗਸਾ ਕੇ, ਰਸ ਰਸਾ ਕੇ) ਸੁਰਤੀ ਨੂੰ ਸੁਆਸਾਂ ਸਮੇਤ ਐਸੀ ਫੁਰਤੀ ਨਾਲ ਗਗਨ (ਨਾਭ ਤੇ ਨਭ) ਨੂੰ ਉਡਾਰੀਆਂ ਦਿੰਦੀ ਹੈ, ਜੈਸੇ ਕਿ ਮੀਨ ਮਛਲੀ ਜਲ ਵਿਚ ਤਾਰੀਆਂ ਲਾਉਂਦੀ ਹੋਈ ਇਕੋ ਉਲਟ-ਪਵਣ-ਹੁਜਕਣੀ ਡੁਬਕਣੀ ਨਾਲ ਅਥਾਹ ਸਮੁੰਦਰ ਵਿਚ ਕਿਤੇ ਦੀ ਕਿਤੇ ਜਾ ਪਹੁੰਚਦੀ ਹੈ ਅਤੇ ਵਿਚੇ ਵਿਚ ਘੰਟਿਆਂ ਬੱਧੀ ਆਪਣੇ ਆਪ ਨੂੰ ਸਮਾਈ ਰਖਦੀ ਹੈ। ਨਾ ਉਸ ਦਾ ਦਮ ਹੁਟ ਹੁੰਦਾ ਹੈ ਨਾ ਸੁਆਸ ਹੁਚਕਦਾ ਹੈ। ਮਛਲੀ ਦੀ ਜੀਵਨ-ਜੁਗਤ-ਗਤਿ ਕੁਦਰਤ ਨੇ ਐਸੀ ਸਾਜੀ ਹੈ ਕਿ ਜਦ ਜੀਅ ਚਾਹੇ ਅਤੇ ਜਿੰਨਾ ਚਿਰ ਚਾਹੇ ਜਲ ਦੀ ਉਪਰਲੀ ਸਤਾਹ ਉਪਰ ਤਰਦੀ ਰਹੇ ਅਤੇ ਜਦ ਜੀਅ ਚਾਹੇ ਅਤੇ ਜਿਤਨਾ ਚਿਰ ਚਾਹੇ, ਜਲ ਦੇ ਅੰਦਰ ਗੋਤਾ ਲਾਈ ਰਖੇ, ਉਸ ਦਾ ਦਮ ਹੁਟਦਾ ਨਹੀਂ। ਇਕੋ ਸੂਟ ਵੱਟ ਕੇ ਤੇ ਚਪਲ ਕਰ ਕੇ ਜਲ ਦੀ ਅਸਗਾਹ ਡੂੰਘਿਆਈ ਅੰਦਰ ਜਾ ਡੁਬਕਣੀ ਮਾਰਦੀ ਹੈ। ਜਲ ਅੰਦਰ ਇਸ ਬਿਧ ਗੋਤਾ-ਮਾਰਨੀ-ਸੂਟ ਜਦੋਂ ਮਛਲੀ ਸੂਟਦੀ ਹੈ ਤਾਂ ਓਦੋਂ ਹੀ ਪਤਾ ਲਗਦਾ ਹੈ ਜਦ ਜਲ ਵਿਚ ਸੂਟ ਕਰਨ ਸਮੇਂ ਚਪਲ ਦੀ ਅਵਾਜ਼ ਹੁੰਦੀ ਹੈ। ਏਸੇ ਪਰਕਾਰ ਸ਼ਬਦ ਸੁਰਤ ਅਭਿਆਸੀ ਗੁਰਮੁਖਿ ਜਨ ਰਸ-ਗੀਧੇ-ਬੀਧੇ ਅਤੇ ਜੋਤਿ ਵਿਗਸੀਧੇ ਹੋ ਕੇ ਅਭਿਆਸ ਕਰਦੇ ਕਰਦੇ (ਖੰਡਾ ਸੁਆਸਾਂ ਦਾ ਖੜਕਾਉਂਦੇ ਖੜਕਾਉਂਦੇ) ਨਾਭੀ ਵਿਚ ਪਵਨ ਨੂੰ ਦੱਬ ਕੇ ਇਕੋ ਹੀ ਹੁਜਕੇ ਨਾਲ



www.AKJ.Org

ਨਭ ਨਾਭ ਦੀਆਂ ਉਚਾਈਆਂ ਡੂੰਘਾਈਆਂ ਵਿਖੇ ਜਾ ਉਡਾਰੀਆਂ ਲਾਉਂਦੇ ਹਨ ਅਤੇ ਜਿਤਨਾ ਚਿਰ ਚਾਹੁਣ ਏਸੇ ਟਿਕਾਉ ਵਿਖੇ ਟਿਕ ਕੇ ਨਿਸਚਲ ਹੋਏ-ਵੇ ਅਨੰਦ ਮਾਨਣ। ਇਸ ਸਹਿਜ ਜੋਗ ਜੁਗਤੀ ਮਈ ਗੁਰਮਤਿ ਅਭਿਆਸ ਕਲਾ ਦੁਆਰਾ ਨਾ ਤਾਂ ਇਹ ਤੌਖਲਾ ਰਹਿੰਦਾ ਹੈ ਕਿ ਉਹਨਾਂ ਦਾ ਜੀਉ-ਪੰਖੇਰੂ (ਰੂਹ-ਹੰਸ) ਦੇਹੀ ਵਿਚੋਂ ਨਿਕਲ ਜਾਏਗਾ, ਨਾ ਹੀ ਇਹ ਖ਼ਤਰਾ ਹੁੰਦਾ ਹੈ ਕਿ ਉਹਨਾਂ ਦੀ ਦੇਹੁਰੀ ਰੂਪੀ ਕੰਧ ਬਿਨਸ ਜਾਏਗੀ, (ਢਹਿ ਢੇਰੀ ਤਨ ਛਾਰ ਹੋ ਜਾਏਗਾ) ਕਿਉਂਕਿ ਸੁਆਸ ਤਾਂ ਉਹਨਾਂ ਦੇ ਹੁਟਦੇ ਸੰਘੁਟਦੇ ਨਹੀਂ। ਸਹਿਜ ਅਨੰਦ ਵਿਚ ਵਿਗਸੇ ਹੋਏ ਅੰਦਰੇ ਅੰਦਰ ਪੁਰਖ-ਪਰਮਾਤਮ-ਜੋਤਿ ਭਰਪੁਰ-ਲੀਣ ਰਹਿੰਦੇ ਹਨ। ਮਨ ਭੀ ਚਲਾਇਮਾਨ ਨਹੀਂ ਹੁੰਦਾ। ਇਸ ਕਰਕੇ ਸੁਰਤੀ ਅਡੋਲ ਰਸ-ਬੀਧੀ ਗਗਨ ਉਡਾਰੀਆਂ ਮਾਰਦੀ ਰਹਿੰਦੀ ਹੈ। ਗੁਰੂ ਸਾਹਿਬ ਇਸ ਤਰ੍ਹਾਂ ਬਪੜੇ ਹੱਠ-ਜੋਗੀਆਂ ਨੂੰ ਸੁਮੱਤ ਦਿੰਦੇ ਹਨ ਕਿ ਐ ਜੋਗੀ, ਸੱਚਾ ਸਹਿਜ ਜੋਗ ਜਿਨ੍ਹਾਂ ਕਮਾਉਣਾ ਹੈ, ਸੋ ਤਿਨ੍ਹਾਂ ਨੂੰ ਚਾਹੀਦਾ ਹੈ ਕਿ "ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ" ਵਾਲੀ ਗੁਰਮਤਿ-ਜੁਗਤੀ ਗ੍ਰਹਿਣ ਕਰਨ। ਇਸ ਬਿਧ ਉਪਰ ਦਸੇ ਅਨੁਸਾਰ "ਉਡੈ ਨਹ ਹੰਸੁ ਨਹ ਕੰਧੁ ਛੀਜੈ" ਵਾਲੀ ਸਹਿਜ ਬਿਉਂਤ ਬਣਿ ਆਉਂਦੀ ਹੈ। ਨਹੀਂ ਤਾਂ ਝੂਠੇ ਹਠ-ਜੋਗ ਕਰਕੇ ਮੂੜ੍ਹੇ ਹਠ-ਜੋਗੀ ਭਰਮ ਵਿਚ ਭੁਲੇ ਫਿਰਦੇ ਹਨ। ਉਹਨਾਂ ਤੋਂ ਪਰਮਾਨੰਦ ਬੈਰਾਟ, ਅਤੀਤ ਬੈਰਾਟ ਰੂਪ ਪਾਰਬ੍ਰਹਮ ਨਹੀਂ ਚੀਨਿਆ ਜਾਂਦਾ। ਪਰਮਾਨੰਦ ਤਾਂ ਕੀ ਚੀਨਿਆ ਜਾਣਾ ਸੀ, ਉਹਨਾਂ ਤੋਂ ਤਾਂ ਆਪਾ ਹੀ ਨਹੀਂ ਚੀਨਿਆ ਜਾਂਦਾ। ਇਹ ਗੁਰਮਤਿ ਸਹਿਜ ਜੋਗ-ਜੁਗਤੀ ਹੀ ਹੈ ਜਿਸ ਨੂੰ ਜੇ ਤੂੰ ਗ੍ਰਹਿਣ ਕਰੇਂ ਤਾਂ ਸੱਚੇ ਸਹਿਜ-ਪਦ-ਜੋਗ ਨੂੰ ਪ੍ਰਾਪਤ ਹੋ ਸਕਦਾ ਹੈਂ, ਅਤੇ ਸੱਚਾ ਸਹਿਜ ਜੋਗੀ ਬਣ ਸਕਦਾ ਹੈਂ। ਇਸ ਸਹਿਜ ਪਦ, ਸੱਚੀ ਗੁਰਮਤਿ ਜੋਗ-ਜੁਗਤੀ ਦੁਆਰਾ ਉਹ ਮਾਨ ਅਭਿਮਾਨ, ਗਰਭ ਗੁਮਾਨ ਮਈ ਕੁਮੱਤ ਮਤ, ਜੋ ਹੱਠ-ਜੋਗ ਦੁਆਰਾ ਲੱਖ ਯਤਨ ਕੀਤਿਆਂ ਭੀ ਜਾਲੀ ਹੋਈ ਕਦੇ ਨਹੀਂ ਜਲ ਸਕਦੀ, ਉਸ ਨੂੰ ਸਹਿਜੇ ਹੀ ਤੂੰ ਜਾਰ ਲੈ (ਜਾਲ ਸਿਟ), ਸੱਚੇ ਸਹਿਜ ਗੁਰਮਤਿ ਜੋਗ ਦਾ ਕਰਮਚਾਰੀ ਬਣ ਕੇ। ਜੋ ਮੋਹ ਮਮਤਾ ਮਈ ਤ੍ਰਿਸ਼ਨਾ-ਗ੍ਰਸਤ ਬੁੱਧੀ, ਮਨੁੱਖੀ ਕੁਬੁੱਧੀ ਹੋਰਤ ਬਿਧੀ ਕਰਿ ਕਦੇ ਭੀ ਮਾਰੀ ਨਹੀਂ ਮਰ ਸਕਦੀ, ਉਸ ਨੂੰ ਤੂੰ ਗੁਰਮਤਿ ਸਹਿਜ ਜੋਗ ਦੀ ਅਭਿਆਸ ਕਮਾਈ ਦੁਆਰਾ ਸੁਖੈਨ ਹੀ ਮਾਰ ਲੈ। ਤਾਂ ਤੇ ਤੂੰ ਹੋਰਤ ਹਠ-ਜੋਗ ਵਾਲੇ ਭਰਮ ਸੰਸੇ ਭ੍ਰਾਂਤੀਆਂ ਤਜ ਦੇਹ, ਅਤੇ ਇਉਂ ਭ੍ਰਾਂਤ ਤਜਿ, ਅਰਥਾਤ ਛਡ ਦੇਵੇ। ਗੁਰਮਤਿ ਜੋਗ-ਅਭਿਆਸ-ਜੁਗਤੀ ਗ੍ਰਹਿਣ ਕਰੇਂ ਤਾਂ ਨਿਤ ਘਟ ਅੰਤਰ ਹੀ ਅੰਮ੍ਰਿਤ ਰਸ ਦੇ ਗਟਾਕ ਪੀਣ ਦੇ ਅਨੰਦ ਮਾਣੇਂ। ਬਸ, ਉਪਰ ਦਸੇ ਅਨੁਸਾਰ "ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ..." ਵਾਲੀ ਸੁਰਤੀ ਬਿਰਤੀ ਮਈ ਸਹਿਜ ਆਤਮ-ਰੌਣ ਅਤੇ ਗਗਨੰਤਰ ਗਉਣ ਭਲੇ ਅਸਵਾਰਾ, ਬਣ ਜਾਵੇ। ਸਤਿਗੁਰ ਨਾਨਕ ਦੇਵ ਜੀ ਸੱਚੀ ਸਾਖੀ ਭਰਦੇ ਹਨ ਕਿ ਇਸ ਬਿਧ, ਕੇਵਲ ਇਸ ਬਿਧ, ਕੇਵਲ ਇਸੀ ਬਿਧ ਆਤਮ ਰੌਣੀ ਅਤੇ ਪਵਨ ਗਗਨੌਣੀ ਹੋ ਕੇ ਹੀ ਸਦ-ਅਮਿਉ-ਰਸ-ਰਸਿਐਣੀ ਹੋ ਅਤੇ "ਮੀਨ ਕੀ ਚਪਲ..." ਵਾਲੀ ਗਤਿ ਮਿਤ ਪ੍ਰਾਪਤ ਹੋ ਸਕਦੀ ਹੈ। ਬਸ ਟੁਕ-ਦਮ ਕਰਾਰੀ ਕਰਨ ਦੀ ਹੀ ਦੇਰ ਹੈ ਕਿ ਸੁਰਤੀ ਮੀਨ ਛੜੱਪੇ ਮਾਰ ਕੇ ਨਾਭ ਤੋਂ ਨਭ ਵਿਖੇ ਜਾ ਚੜ੍ਹਦੀ ਹੈ। ਰਸਨ ਰਸਾਟ ਵਿਚ ਗੁਰਮੰਤਰ ਗੁਰਾਟ ਦੁਆਰਾ ਐਸਾ ਪਾਰਸ-ਰਸਾਇਣੁ-ਕਲਾ ਕ੍ਰਿਸ਼ਮਾਣੂ ਮੋਅਜਜ਼ਾ ਵਰਦਾ ਹੈ ਕਿ ਸਹਿਜ ਸੁਆਸ ਅਭਿਆਸ ਦਾ ਬਿਲੋਵਣਾ ਬਿਲੋਵਨ ਕਰਿ, ਪਵਨ ਪ੍ਰਾਨ ਰਸ ਜੋਤਿ ਬੀਧ ਹੋਇ ਕੇ ਨਾਭੀ ਵਿਖੇ ਟਿਕ ਜਾਂਦੇ ਹਨ ਅਤੇ ਸਹਿਜ ਸੁਤੇ ਹੀ ਟਿਕ ਜਾਂਦੇ ਹਨ। ਜਦੋਂ ਤੀਕ ਰਸ ਬਣਿਆ ਰਹਿੰਦਾ ਹੈ, ਜੋਤਿ ਜਲਵਾ ਅਫ਼ਗਾਨਿਆ (ਪਸਰਿਆ) ਰਹਿੰਦਾ ਹੈ ਉਥੇ ਹੀ ਟਿਕੇ ਰਹਿੰਦੇ ਹਨ। ਇਸ ਰਸ ਵਿਚ ਗੀਧੇ ਹੋ ਕੇ (ਰਸ ਵਿਚ ਗੁੰਨ੍ਹੇ ਜਾ ਕੇ) ਮਨ ਦੇ ਸੰਕਲਪ ਵਿਕਲਪ, ਫੁਰਨੇ ਕਫੁਰਨੇ, ਤ੍ਰਿਸ਼ਨਾ ਵਾਸ਼ਨਾ ਸਭ ਧਾਵਣੀਆਂ ਦਾ ਅਭਾਵ ਹੋ ਜਾਂਦਾ ਹੈ। ਸਣੇ ਸਣੇ ਉਹ ਰਸ-ਬੀਧੀਨੇ ਸੁਆਸ ਪ੍ਰਾਣ ਜਦੋਂ ਨਾਭਿ ਨਿਵਾਸ



www.AKJ.Org

ਦੇ ਠਹਿਰਾਉ ਸਹਿਜਾਉ ਵਿਚ ਸੁਖਲੀਣੇ ਹੋ ਜਾਂਦੇ ਹਨ ਤਦ ਇਕ-ਦਮ ਇਹ ਅਵਸਥਾ ਆ ਜਾਂਦੀ ਹੈ ਕਿ ਇਕੋ ਮੀਨ ਛਣੱਪੇ ਦੁਆਰਾ ਸੁਆਸ ਪ੍ਰਾਣ, ਸੁਰਤਿ ਪਵਨ ਸੰਜੁਗਤ ਦਸਮ ਦੁਆਰ ਵਿਖੇ ਜਾ ਚੜ੍ਹਦੇ ਹਨ। ਨਾਭੀ ਵਿਚੋਂ ਜੋਤਿ ਰਸ ਠਰ੍ਹੰਮੀ ਪਵਨ ਇਕੋ ਹੀ ਪ੍ਰੇਮ ਹਿਲੋਰੇ ਹਿਜਕੋਰੇ ਨਾਲ ਉਲਟ ਕੇ ਮੀਨ ਨਿਆਈਂ ਪੁਠੀਆਂ ਤਾਰੀਆਂ ਲਾਉਂਦੀ ਹੋਈ ਦਸਮ ਦੁਆਰ ਵਿਖੇ ਜਾਇ ਪ੍ਰਵੇਸ਼ ਕਰਦੀ ਹੈ। ਇਹ ਪਰਮ ਪਦ ਸਤਿਗੁਰੂ ਦ੍ਰਿੜ੍ਹਾਏ ਸ਼ਬਦ ਗੁਰ-ਮੰਤਰ ਨਾਲ ਪਰਚਾ ਪਾਉਣ ਕਰਿ ਪ੍ਰਾਪਤ ਹੁੰਦਾ ਹੈ। ਫੇਰ ਤਾਂ ਸੂਰਸਰ ਸੋਮਸਰ ਇੜਾ ਪਿੰਗਲਾ ਸੁਖਮਨਾ ਸਾਰੀਆਂ ਨਾੜੀਆਂ ਹੀ ਰਸ-ਜੋਤਿ-ਭਰਪੁਰ-ਲੀਣੀਆਂ ਹੋ ਕੇ, ਜੋਤਿ ਤੇਜਸੀ ਚਾਨਣੇ ਨਾਲ ਜਗਮਗਾ ਉਠਦੀਆਂ ਹਨ ਅਤੇ ਸਾਰੇ ਨਭ ਨਾਭ ਪੁਲਾੜ ਵਿਖੇ ਕੋਟ ਭਾਨ ਉਜਿਆਰਾ ਕਿਰਣ-ਪਸਰੱਣਤ ਹੋ ਕੇ ਦਗ ਉਠਦਾ ਹੈ। ਸੋਮਸਰ ਲਬਾ-ਲਬ ਹੋ ਕੇ ਮ੍ਰਿਤ-ਸਰ ਨੂੰ ਬੰਨ੍ਹ ਲਗ ਜਾਂਦੇ ਹਨ ਅਤੇ ਅੰਮ੍ਰਿਤ-ਗਟਾਕ ਰਸਾਂ ਦਾ ਅਹਿਨਿਸੀ ਅਮਿਉ ਪੀਅਣ ਆਇ ਬਣਦਾ ਹੈ ਅਤੇ ਆਂਦਿ ਨਾਲ ਆਦਿ ਅਰ ਨਾਦ ਨਾਲ ਨਾਦ ਮਿਲ ਕੇ, ਜਲ ਨਾਲ ਜਲ ਮਿਲਣ ਵਾਂਗ "ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ"* ਵਾਲੀ 'ਬ੍ਰਹਮੈ ਬ੍ਰਹਮ ਸੇਤੀ' ਓਤਿ ਪੋਤਿ ਇਕ ਜੋਤਿ ਹੋਣ ਵਾਲੀ ਸਹਿਜ-ਸਮਾਈ ਹੋ ਜਾਂਦੀ ਹੈ। ਜੈਸੇ ਕਿ ਭਾਈ ਗੁਰਦਾਸ ਜੀ ਦਾ ਏਸੇ ਪ੍ਰਥਾਇ ਇਹ ਅਗਲੇਰਾ ਵਾਕ ਐਨ ਢੁਕਵਾਂ ਘਟਦਾ ਹੈ :–

ਉਲਟ ਪਵਨ ਮਨ ਮੀਨ ਕੀ ਚਪਲ ਗਤਿ
ਸਤਿਗੁਰ ਪਰਚੇ ਪਰਮ ਪਦ ਪਾਏ ਹੈਂ॥
ਸੂਰ ਸਰ ਸੋਖ ਪੋਖ ਸੋਮ ਸਰ ਪੂਰਨ ਕੈ
ਬੰਧਨ ਦੈ ਮ੍ਰਿਤਸਰ ਅਪਿਅ ਪੀਆਏ ਹੈਂ॥
ਅਜਰਹਿ ਜਾਰਿ ਮਾਰਿ ਅਮਰਹਿ ਭ੍ਰਾਂਤਿ ਛੋਡਿ
ਅਸਥਿਰ ਕੰਧ ਹੰਸ ਅਨਤ ਨ ਧਾਏ ਹੈਂ॥
ਆਦੈ ਆਦਿ ਨਾਦੈ ਨਾਦਿ,ਸਲਿਲੈ ਸਲਿਲ ਮਿਲ
ਬ੍ਰਹਮੈ ਬ੍ਰਹਮ ਮਿਲ ਸਹਜ ਸਮਾਏ ਹੈਂ॥੧੯॥

ਐਸਾ ਹੈ ਸ਼ਬਦ ਸੁਰਤ ਦਾ ਪਰਚਾ ਕਿ ਸਹਿਜ ਸੁਭਾਇ ਹੀ ਸੁਆਸ ਪਵਨ ਨਾਭੀ 'ਚੋਂ ਉਲਟ ਕੇ ਨਭ ਦਸਮ ਦੁਆਰ ਨੂੰ, ਮੀਨ ਦੀ ਚਪਲ ਗਤਿ ਧਾਈ ਕਰਦੇ ਹਨ। ਜੈਸੇ ਮੀਨ ਅਸਗਾਹ ਜਲ ਸਮੁੰਦਰ ਵਿਚ ਇਕੈ ਸਾਰ ਅਤੇ ਇਕੈ ਜਲ ਡੁਬ-ਕਣੀ ਤਾਰੀ ਦੁਆਰਾ, ਕਿਤੇ ਦੀ ਕਿਤੇ ਜਾ ਪੁਜਦੀ ਹੈ ਅਤੇ ਜਿਤਨਾ ਚਿਰ ਚਾਹੇ, ਵਿਚੇ ਬੈਠੀ ਰਹਿੰਦੀ ਹੈ। ਉਸ ਦੀ ਕੁਦਰਤੀ ਬਣਤਰ ਹੀ ਐਸੀ ਬਣੀ ਹੋਈ ਹੁੰਦੀ ਹੈ ਕਿ ਉਸ ਦਾ ਸਾਹ ਨਹੀਂ ਹੁਟਦਾ। ਇਸੇ ਪ੍ਰਕਾਰ ਸ਼ਬਦ-ਸੁਰਤ-ਅਭਿਆਸੀਆਂ ਦੇ ਸੁਆਸਾਂ ਦੀ ਸਹਿਜ-ਗਤਿ ਐਸੀ ਹੋਇ ਆਂਵਦੀ ਹੈ ਕਿ ਉਹ ਜਦ ਚਾਹੁਣ, ਇਕੈ ਹਜਕੋਰੇ ਨਾਲ, ਸੁਆਸ ਰਸ ਹਿਲੋਰੇ ਨਾਲ ਨਾਭੀ ਤੋਂ ਨਭ ਆਕਾਸ਼ ਵਿਖੇ ਜਾ ਉਡਾਰੀਆਂ ਮਾਰਨ ਅਤੇ ਜਿਤਨਾ ਚਿਰ ਚਾਹੁਣ, ਦਸਮ ਦੁਆਰ ਵਿਖੇ ਸੁਆਸ ਅਸਥਿਰ ਰਖ ਕੇ ਅਨੰਦ ਮਾਨਣ। ਜੈਸੇ ਕਿ ਅਗਲੇਰੇ ਭਾਈ ਗੁਰਦਾਸ ਜੀ ਦੇ ਕਬਿੱਤ ਦਾ ਭਾਵ ਹੈ –

ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੈ
ਸਸਿ ਘਰ ਸੂਰ ਪੂਰਿ ਨਿਜ ਘਰਿ ਆਏ ਹੈਂ॥
ਉਲਟ ਪਵਨ ਮਨ ਮੀਨ ਤ੍ਰਿਬੇਨੀ ਪ੍ਰਸੰਗ
ਤ੍ਰਿਕੁਟੀ ਉਲੰਘ ਸੁਖ ਸਾਗਰ ਸਮਾਏ ਹੈਂ॥
ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ
ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ॥
ਚਕਈ ਚਕੋਰ ਮੋਰ ਚਾਤ੍ਰਿਕ ਅਨੰਦਮਈ
ਕਦਲੀ ਕਮਲ ਸੋ ਬਿਮਲ ਜਲ ਛਾਏ ਹੈਂ॥੨੮॥

ਇਸ ਕਬਿਤ ਵਿਚ ਭਾਈ ਗੁਰਦਾਸ ਜੀ ਗੁਰਮਤਿ ਸ਼ਬਦ ਸੁਰਤ ਲਿਵ ਅਭਿਆਸ ਦੀ ਸਹਿਜ-ਜੋਗ-ਕਲਾ ਦੀ ਵਿਲੱਖਣਤਾਈ ਵਰਨਣ ਕਰਦੇ ਹਨ ਕਿ ਸਹਿਜੇ ਸੁਖੈਨ ਹੀ ਸਾਰੀਆਂ ਸੰਧੀਆ ਮਿਲ ਕੇ 'ਸਸਿ ਘਰ ਸੂਰ ਪੂਰਿ' ਨਿਜ ਘਰਿ ਆ ਪ੍ਰਵੇਸ਼ ਕਰੀਦਾ ਹੈ। ਇਥੇ ਇੜਾ ਪਿੰਗਲਾ ਸੁਰਾਂ ਦੇ ਦਬਣ ਰੋਕਣ ਵਾਲੇ ਹਠ-ਜੋਗ ਦੇ ਬਿਕਟ ਸੰਕਟੀ ਝਮੇਲੇ ਵਿਚ ਪੈਣ ਦੀ ਲੋੜ ਨਹੀਂ। ਜਿਵੇਂ ਮੀਨ ਤ੍ਰਿਬੇਣੀ ਵਿਖੇ ਉਲਟ

*ਗਉੜੀ ਸੁਖਮਨੀ, ਪੰਨਾ ੨੭੮



www.AKJ.Org

ਪਵਨ-ਡੁਬਕ-ਤਾਰੀਆਂ ਲਾ ਕੇ, ਸੁਖੈਨ ਹੀ ਤ੍ਰਿਬੇਣੀ ਦੇ ਆਰ ਪਾਰ ਲੰਘ ਜਾਂਦੀ ਹੈ ਇਸੇ ਪਰਕਾਰ ਸ਼ਬਦਿ ਸੁਰਤਿ ਅਭਿਆਸੀ ਜਨ ਟੁਕ-ਦੰਮ ਕਰਾਰੀਆਂ, ਉਲਟ-ਪਵਨ-ਨਭ-ਉਡਾਰੀਆਂ ਮਾਰ ਕੇ ਤ੍ਰਿਕੁਟੀਆਂ ਸਹਿਜ ਸੁਖੈਨ ਹੀ ਉਲੰਘ ਕੇ ਸੁਖ ਸਾਗਰ ਵਿਖੈ ਜਾਇ ਸਮਾਉਂਦਾ ਹੈ। ਉਸ ਨੂੰ ਪ੍ਰਾਣਾਯਾਮੀ ਹਠ-ਯੋਗ ਕਰਿ ਤ੍ਰਿਕੁਟੀ ਖੋਲ੍ਹਣ ਦੀ ਕਸ਼ਟ-ਕਿਰਿਆ ਕਰਨੀ ਹੀ ਨਹੀਂ ਪੈਂਦੀ । ਸ਼ਬਦ-ਅਭਿਆਸ-ਸੁਰਤੀਆ, ਸੁਆਸ-ਸਫੁਰਤੀਆ ਗੁਰਮੁਖ ਯੋਗੀ ਜਨ ਤ੍ਰਿਗੁਣ ਅਤੀਤ ਬੀਤ ਰਾਗ ਅਨੁਰਾਗੀ ਹੋਇ ਕੈ ਤੁਰੀਆ ਪਦ ਵਿਖੇ ਸਹਿਜੇ ਜਾ ਗੰਮਤਾ ਗਤਾਉਂਦਾ ਹੈ। ਬਸ, ਓਥੇ ਫੇਰ ਬਸ "ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ" ਵਾਲੇ ਪਰਮ ਅਨੰਦ ਵਿਚਿ ਬਿਸਮ ਅਹਿਲਾਦ ਰਸ ਮਾਣਦਾ ਹੈ । ਭਲਾ ਇਸ ਪਦ ਦੀ ਕੋਈ ਕੀ ਵਿਆਖਿਆ ਕਰੇ, ਉਹਨਾਂ ਦੇ ਮਹਾਂ ਰਸ ਪਰਮ ਅਨੰਦ ਦੀ ਦ੍ਰਿਸ਼ਟਾਂਤੀ ਮਿਸਾਲ ਇਸ ਦ੍ਰਿਸ਼ਟਮਾਨ ਦੁਨੀਆ ਵਿਚ ਚਕਵੀ ਚਕੋਰ, ਮੋਰ, ਚਾਤ੍ਰਿਕ ਆਦਿ ਦੀ ਅਨੰਦਮਈ ਬਿਵਸਥਾ ਦੀ ਹੀ ਮਿਲਦੀ ਹੈ। ਜੈਸੇ ਕਿ ਚਕਵੀ ਚਕਵੇ ਨੂੰ ਮਿਲ ਕੇ ਅਨੰਦ ਹੁੰਦੀ ਹੈ ਅਤੇ ਚਕੋਰ ਚੰਦ ਨੂੰ ਦੇਖ ਕੇ ਅਨੰਦ ਹੁੰਦਾ ਹੈ ਅਤੇ ਮੋਰ ਘਨਘੋਰ ਨੂੰ ਸੁਣ ਕੇ ਮਸਤੁਲ-ਮਸਤ ਹੋ ਪੈਲ ਪਾਉਂਦਾ ਹੈ ਤੇ ਚਾਤ੍ਰਿਕ ਸੁਆਂਤਿ ਬੂੰਦ ਨੂੰ ਪਾਨ ਕਰ ਕੇ ਅਨੰਦ ਹੁੰਦਾ ਹੈ, ਤਿਸ ਅਨੰਦ ਨੂੰ ਓਹੀ ਜਾਨਣ, ਜੋ ਮਾਣਦੇ ਹਨ, ਇਸੇ ਪ੍ਰਕਾਰ ਸ਼ਬਦਿ ਸੁਰਤਿ ਅਭਿਆਸੀ ਜਨ ਹੀ ਦਸਮ ਦੁਆਰ ਸਹਿਜ ਪਦ ਦੇ ਅਨੰਦ, ਪਰਮ ਅਨੰਦ ਨੂੰ ਜਾਣ ਮਾਣ ਸਕਦੇ ਹਨ। ਉਹ ਕਦਲੀ ਕਮਲ ਤੇ ਬਿਮਲ ਜਲ ਵਿਖੇ ਹੀ ਤ੍ਰਿਬੁਤ ਰਹਿ ਕੇ ਆਨੰਦਤ ਰਹਿੰਦੇ ਹਨ, ਐਵੇਂ ਨਹੀਂ ।

ਐਸੇ ਸ਼ਬਦ ਸੁਰਤਿ ਅਭਿਆਸੀ ਜਨ "ਉਲਟ ਪਵਨ ਮਨ ਮੀਨ ਕੀ ਚਪਲ ਗਤਿ" ਮਈ ਸਹਿਜ ਜੋਗ ਦੇ ਪਰਤਾਪ ਦੁਆਰਾ ਸਹਿਜੇ ਹੀ ਬ੍ਰਹਮ ਸਥਾਨ ਵਿਖੇ ਜਾਇ ਪਰਵੇਸ਼ ਕਰਦੇ ਹਨ । ਉਨ੍ਹਾਂ ਨੂੰ ਇੜਾ ਪਿੰਗਲਾ ਦੇ ਸੰਗਮ ਮਿਲਾਉਣ ਦਾ ਹਠ-ਯੋਗੀ ਤਰਲਾ ਲੈਣਾ ਹੀ ਨਹੀਂ ਪੈਂਦਾ । ਉਹ ਬ੍ਰਹਮ ਸਥਾਨ ਵਿਖੇ ਅਸਥਿਤ ਹੋ ਕੇ ਐਉਂ ਪਰਮਾਨੰਦ ਪਰਮਾਤਮਾ ਦੀ ਜੋਤਿ ਵਿਖੇ ਲੀਣ ਹੋ ਜਾਂਦੇ ਹਨ, ਜਿਵੇਂ ਨਦੀਆਂ ਦਾ ਜਲ ਸਾਗਰ ਵਿਖੇ ਜਾਇ ਲੀਣ ਹੁੰਦਾ ਹੈ, ਜਿਵੇਂ ਘਨਘੋਰ ਘਟਾ ਗਗਨ ਵਿਖੇ ਜਾਇ ਲੀਣ ਹੁੰਦੀ ਹੈ। ਉਹ ਉਨਮਨੀ ਅਨੰਦ ਮਸਤੀ ਵਿਚ ਮਗਨ ਰਹਿੰਦੇ ਹਨ ਅਤੇ ਉਹਨਾਂ ਦੀ ਲਗਨ ਇਕੋ ਗੁਰ-ਪ੍ਰਚੰਡ-ਗਿਆਨ ਦੀ ਸਾਖਸ਼ਾਤ-ਕਾਰਤਾ ਵਿਖੇ ਬਣੀ ਰਹਿੰਦੀ ਹੈ, ਉਹ ਜੋਤੀ ਸਰੂਪ (ਵਾਹਿਗੁਰੂ) ਵਿਚਿ ਜੋਤੀ ਜੋਤਿ ਸਮਾਇ ਕੇ ਦਾਮਨੀ ਚਮਤਕਾਰ ਵਾਲਾ ਸੱਚਾ ਸਾਖਸ਼ਾਤਕਾਰੀ ਦਰਸਨਾ-ਨੰਦ ਮਾਣਦੇ ਹਨ। ਉਸ ਬਿਵਸਥਾ ਵਿਖੇ ਅਨਹਦ ਸ਼ਬਦ ਦੀਆਂ ਗਰਜਾਂ ਨਿਰਾਲੀਆਂ ਹੀ ਸੁਣਾਈ ਦਿੰਦੀਆਂ ਹਨ । ਉਥੇ ਅੰਮ੍ਰਿਤ ਜਲ ਦੀ ਨਿਝਰ ਅਪਾਰ ਧਾਰ ਬਰਖਾ ਹੁੰਦੀ ਰਹਿੰਦੀ ਹੈ। ਇਸ ਪਰਕਾਰ ਸ਼ਬਦ ਸੁਰਤ ਦੀ ਸਫਲੀ ਸੁਕ੍ਰਿਤ ਕਾਰ ਸੇਵਾ ਦੇ ਸੇਵਕ ਜਨਾਂ ਨੂੰ ਸਕਲ ਫਲ, ਸਰਬ ਨਿਧਾਨ ਦੀ ਪ੍ਰਾਪਤੀ ਹੋਇ ਆਂਵਦੀ ਹੈ। ਇੰਨ ਬਿੰਨ ਇਸ ਉਪਰਲੀ ਬਿਵਸਥਾ ਨੂੰ ਭਾਈ ਗੁਰਦਾਸ ਜੀ ਦਾ ਇਹ ਅਗਲਾ ਕਬਿੱਤ ਨਖਾਰ ਕੇ ਸਪੱਸ਼ਟ ਕਰਦਾ ਹੈ :—

ਉਲਟ ਪਵਨ ਮਨ ਮੀਨ ਕੀ ਚਪਲ ਗਤਿ
ਸੁਖਮਨਾ ਸੰਗਮ ਕੈ ਬ੍ਰਹਮ ਸਥਾਨ ਹੈ॥
ਸਾਗਰ ਸਲਿਲ ਗਤਿ ਗਗਨ ਘਟਾ ਘਮੰਡ
ਉਨਮਨ ਮਗਨ ਲਗਨ ਗੁਰੁ ਗਯਾਨ ਹੈ॥
ਜੋਤਿ ਮੈ ਜੋਤੀ ਸਰੂਪ ਦਾਮਨੀ ਚਮਤਕਾਰ
ਗਰਜਤ ਅਨਹਦੁ ਸਬਦ ਨੀਸਾਨ ਹੈ॥
ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ
ਸੇਵਕ ਸਕਲ ਫਲ ਸਰਬ ਨਿਧਾਨ ਹੈ ॥੨੫॥੫੯॥

ਫੇਰ ਭਾਈ ਗੁਰਦਾਸ ਜੀ ਦਾ ਇਕ ਹੋਰ ਕਬਿੱਤ ਭੀ ਏਸੇ ਬਿਵਸਥਾ ਨੂੰ ਹੋਰ ਅਨੂਪਮ ਰੰਗ ਵਿਚ ਇਉਂ ਰੰਗੀਜਦਾ ਹੈ। ਯਥਾ :—

ਉਲਟ ਪਵਨ ਮਨ ਮੀਨ ਕੀ ਚਪਲ ਗਤਿ
ਦਸਮ ਦੁਆਰ ਪਾਰ ਅਗੰਮ ਨਿਵਾਸ ਹੈ॥
ਤਹ ਨ ਪਾਵਕ ਪਵਨ ਜਲ ਪ੍ਰਿਥਮੀ ਅਕਾਸ਼



www.AKJ.Org

ਨਾਹਿ ਸਸਿ ਸੂਰ ਉਤਪਤਿ ਨ ਬਿਨਾਸ ਹੈ ॥
ਨਾਹਿ ਪਰਕਿਰਤਿ ਬਿਰਤ ਪਿੰਡ ਪ੍ਰਾਣ ਗਿਆਨ
ਸ਼ਬਦ ਸੁਰਤਿ ਨਾਹਿ ਦ੍ਰਿਸ਼ਟ ਪ੍ਰਗਾਸ ਹੈ ॥
ਸ੍ਵਾਮੀ ਨਾ ਸੇਵਕ ਉਨਮਾਨ ਅਨਹਦ ਪਰੈ
ਨਿਰਾਲੰਬ ਸੁੰਨ ਮੇਂ ਨ ਬਿਸ਼ਮ ਬਿਸ੍ਵਾਸ ਹੈ ॥੫੨੯॥

ਇਸ ਕਬਿਤ ਵਿਖੇ ਨਿਰੂਪਨ ਕੀਤੀ ਪਰਮ ਪਦ ਬਿਵਸਥਾ ਦੀ ਕੋਈ ਕੀ ਵਿਆਖਿਆ ਕਰੇ, ਬਸ ਦੇਖਾ ਹੀ ਪ੍ਰਵਾਨ ਹੈ।

ਸ਼ਬਦ ਸੁਰਤਿ ਅਭਿਆਸ ਦੁਆਰਾ 'ਉਲਟ ਪਵਨ ਮਨ ਮੀਨ ਕੀ ਚਪਲ ਗਤਿ' ਪ੍ਰਾਪਤ ਹੋਇ ਕਰਿ ਅਭਿਆਸੀ ਜਨ ਦਾ ਦਸਮ ਦੁਆਰੋਂ ਪਾਰ ਅਗਮ ਨਿਵਾਸ ਹੋ ਜਾਂਦਾ ਹੈ (ਅਗੰਮ ਵਿਚ ਗੰਮਤਾ ਹੋ ਜਾਂਦੀ ਹੈ), ਜਿਥੇ ਪਰਗਟ ਕਰਿ ਪਾਵਕ (ਅਗਨੀ), ਪਉਨ, ਪ੍ਰਿਥਮੀ, ਅਕਾਸ਼, ਸਸਿ (ਚੰਦ), ਸੂਰ (ਸੂਰਜ) ਅਤੇ ਉਤਪਤ ਪਰਲੋ ਸਭ ਦਾ ਅਭਾਵ ਹੋ ਜਾਂਦਾ ਹੈ। ਪਰਕਿਰਤੀਆਂ ਨਵਿਰਤੀਆਂ, ਪਿੰਡ ਪ੍ਰਾਣ, ਗਿਆਨ-ਗਿਣਤੀਆਂ ਉਰੇਡੇ ਹੀ ਰਹਿ ਜਾਂਦੀਆਂ ਹਨ। ਅਨਹਦ ਨਿਰਾਲੰਬ ਸੁੰਨ ਪਦ ਵਿਖੇ ਸ਼ਬਦ ਸੁਰਤ, ਸੁਰਤਾ ਅਤੇ ਦ੍ਰਿਸ਼ਟ ਪਰਗਾਸ ਦ੍ਰਿਸ਼ਟਾ ਦਾ ਵਿਤਕਰਾ ਦੂਰ ਹੋ ਜਾਂਦਾ ਹੈ। ਨਾਮ-ਅਭਿਆਸ-ਅਭਿਆਸੀ ਜਨ (ਸੇਵਕ) ਅਤੇ ਨਾਮੀ ਵਾਹਿਗੁਰੂ ਅਕਾਲ ਪੁਰਖ ਸੁਆਮੀ ਦੀ ਉਨਮਾਨ ਅਨਹਦ ਪਰੈ ਇਕਮਿਕਤਾ ਹੋ ਜਾਂਦੀ ਹੈ, ਕੋਈ ਪਹਿਚਾਨ ਨਹੀਂ ਰਹਿੰਦੀ। ਨਿਰਾਲੰਬ, ਸੁੰਨ ਸਮਾਧ ਦੀ ਅਗਾਧ ਬੋਧ ਪਦ ਪ੍ਰਾਪਤੀ ਸਮੇਂ ਬਿਸਮਤ ਅਤੇ ਬਿਸਮਤਾ ਬਿਸ੍ਵਾਸ ਅਹਿਸਾਸ ਘੁਲ ਮਿਲਿ ਘਿਚ ਸਹਿਜ ਸਰਿਚ ਹੋ ਜਾਂਦੀ ਹੈ।

(੨)

ਅਖੰਡ ਕੀਰਤਨੀ ਮੰਡਲ-ਮਈ ਸਤਿਸੰਗ ਰੂਪੀ ਗੁਰ-ਗੁਫਾ ਵਿਚ ਬਹਿ ਕੇ ਨਾਮ ਅਭਿਆਸੀ ਗੁਰਮੁਖਾਂ ਦੀ ਸ਼ਬਦ-ਸੁਰਤਿ-ਅਭਿਆਸ-ਲਿਵਤਾਰ ਅਤੀ ਤੀਬਰ ਅਤੇ ਤੀਖਣ ਸੁਰਅਤ ਦੇ ਵੇਗ ਵਿਚ ਅਭਿ-ਆਸੀ ਜਨ ਨੂੰ ਦਸਮ ਦੁਆਰ ਵਿਖੇ ਜਾਇ ਜੋੜਦੀ ਹੈ। ਇਹ ਸ਼ਬਦਿ-ਸੁਰਤਿ ਦੇ ਚੜ੍ਹਾਉ ਦੀ ਸੁਰਅਤੀ ਖੇਡ "ਉਲਟ ਪਵਨ ਮਨ ਮੀਨ ਕੀ ਚਪਲ ਗਤਿ" ਵਾਲੀ ਫੁਰਤੀ ਦੀ ਹੁੰਦੀ ਹੈ। ਜਿਸ ਪ੍ਰਕਾਰ ਮੀਨ ਮਛਲੀ ਇਕ ਹੀ ਫੁਰਤੀਲੀ ਚੁਭੀ (ਚਪਲ) ਦੁਆਰਾ ਪੁੱਠੀ ਬਿਜਲੀ-ਤਾਰੀ ਲਾ ਕੇ ਅਥਾਹ ਸਮੁੰਦਰ ਦੀ ਗਹਿਰਾਈ ਨੂੰ ਫੋਰੇ ਵਿਚ ਹੀ ਜਾਇ ਗਾਖਦੀ ਹੈ, ਏਸੇ ਪਰਕਾਰ ਸ਼ਬਦ ਸੁਰਤਿ ਅਭਿਆਸ ਦੇ ਸੁਰਅਤੀਲੇ (ਤੇਜ਼) ਫੁਰਤੀਲੇ ਜਨ ਏਕੈ ਰਸ ਜੋਤਿ-ਵਿਗਾਸੀ ਲਿਵਲੋਰ ਦੇ ਹੁਜਕੇ ਅੰਦਰ ਹੀ ਦਸਮ ਦੁਆਰ ਵਿਖੇ ਜਾਇ ਪਰਵੇਸ਼ ਕਰਦੇ ਹਨ। ਇਸ ਬਿਧਿ ਅਜਪਾ ਜਾਪ ਕਰਦੇ ਕਰਦੇ, ਰਸਨ ਗੁੱਰਾਟੀ ਨਾਮ ਜਪਦੇ ਜਪਦੇ, ਨਾਮ ਅਭਿਆਸ ਦੀ ਪਾਰਸ ਰਸਾਉਣੀ ਕਲਾ ਅਜਿਹੀ ਵਰਤਦੀ ਹੈ ਕਿ ਘਟ ਹਿਰਦੇ ਅੰਦਰ ਨਾਮ-ਜੋਤਿ-ਕਿਰਨੀ-ਵਿਗਾਸ ਹੋਇ ਆਂਵਦਾ ਹੈ, ਅਚਿੰਤੇ ਹੀ ਇਕ-ਦਮ ਹੋਇ ਆਂਵਦਾ ਹੈ। ਇਸ ਰਸ-ਜੋਤਿ-ਲੀਣ ਵਿਗਾਸ ਦੀ ਝਾਲ ਝਲਣੀ ਕੋਈ ਸੁਖੱਲਾ ਕੰਮ ਨਹੀਂ। ਇਥੇ ਬਿਨਤੀ ਅਰਦਾਸ ਦੁਆਰਾ ਹੀ ਠਲ੍ਹ ਪੈਂਦੀ ਹੈ। ਇਸ ਪਹਿਲੀ ਨਵਲ ਨਵੇਲੀ ਅਲੌਕਿਕ ਸੁਆਦ ਅਹਿਲਾਦੀ ਝਰਨਾਟ ਦਾ ਪਹਿਲਾ ਜਰਨ-ਜਰਨਾਉ ਅਤੀ ਅਜਰ ਹੁੰਦਾ ਹੈ। ਜਿਸ ਵਡਭਾਗੇ ਜਨ ਨੇ ਇਸ ਨੂੰ ਨਦਰ-ਕਰਮਾਉ ਦੇ ਪ੍ਰਸਾਦਿ ਕਰਿ ਇਸ ਪਹਿਲੀ ਝਰਨਾਟ ਨੂੰ ਜਰ ਲਿਆ, ਉਸ ਦੇ ਅਗੰਮੀ ਅਭਿਆਸ ਦੇ ਆ-ਮੁਹਾਰੇ ਤੋਰੇ, ਅਤੋਰੇ ਹੀ ਤੁਰ ਪੈਂਦੇ ਹਨ। ਉਸ ਨੂੰ ਦਸਮ ਦੁਆਰੀ ਖੇਡ ਦੇ ਫੋਰੇ, ਅਫੋਰੇ ਹੀ ਫੁਰ ਪੈਂਦੇ ਹਨ, ਰਸ-ਵਿਗਾਸਨੀ ਚਾਸ਼ਨੀ ਦਾ ਅਗਾਧ ਬੋਧ ਸੁਆਦ ਉਸ ਨੂੰ ਘਟ ਵਿਗਾਸੀ ਅਨੰਦ ਉਲਾਸ ਦੀ ਰਸ-ਮਗਨਤਾ ਤੋਂ ਹਿੱਲਣ ਹੀ ਨਹੀਂ ਦਿੰਦਾ। ਸਹਿਜੇ ਹੀ ਰਸ ਵਿਗਾਸੀ ਸੁਆਸਾਂ ਦੇ ਉਤਰਾਉ ਚੜ੍ਹਾਉ ਦੀ ਅਭਿਆਸ-ਤਾਰ ਹਿਰਦੰਤਰੀ ਪੁਲਾੜ ਅੰਦਰ ਬਝ ਜਾਂਦੀ ਹੈ। ਨਿਰਯਤਨ ਹੀ ਸੁਆਸ ਵ੍ਰਿਗਾਸੀ ਅਭਿਆਸ ਹੋਣ ਲਗ ਪੈਂਦਾ ਹੈ। ਇਸ ਅਭਿਆਸ ਨੂੰ ਪੂਰਨ ਅਜਰ ਜਰਨਾਉ ਪ੍ਰਾਪਤ ਹੋਣ ਦੀ ਬਿਵਸਥਾ ਤਾਈਂ ਇਕ-ਰਸ ਜਾਰੀ ਰਹਿਣ ਦੇਣਾ ਲੋੜੀਦਾ ਹੈ। ਇਹ ਕੋਈ ਥੋੜਾ ਰਸ ਬਿਸਮਾਉ ਨਹੀਂ ਹੁੰਦਾ। ਨਵਲ ਸੁਹਾਗ ਦਾ ਇਕ ਅਤਿ ਅਚੰਭਤ



www.AKJ.Org

ਆਤਮ ਭੋਗ ਹੁਲਾਸ ਹੁੰਦਾ ਹੈ, ਜਿਸ ਵਿਚ ਜਗਿਆਸੂ ਜਨ ਦਾ ਮਨ ਅਤ ਗੁੰਦਾ ਹੋ ਕੇ ਬੇਧਿਆ ਜਾਂਦਾ ਹੈ। ਸੁਰਤੀਆਂ ਬਿਰਤੀਆਂ ਦਾ ਸਾਰਾ ਖਿੰਡਾਉ ਇਕ ਚੁੰਬਕ ਰਸ ਕੇਲ-ਕੇਲਾਉ ਵਾਲੇ ਟਿਕਾਉ ਅੰਦਰ ਖਿੰਚਿਆ 'ਮਰਕਜ਼ਿੰਚਿਆ' ਜਾਂਦਾ ਹੈ। ਇਸ ਰਸ-ਮਰਕਜ਼ੀ ਅਹਿਲਾਦ ਦੇ ਅਗੰਮੀ ਪਰਭਾਉ ਕਰਿ ਸਾਰੇ ਫੁਰਨਿਆਂ ਕਫੁਰਨਿਆਂ, ਸੰਕਲਪਾਂ ਵਿਕਲਪਾਂ ਦਾ ਸੁਤੇ ਸਹਿਜ ਹੀ ਅਭਾਵ ਹੋ ਜਾਂਦਾ ਹੈ। ਪਵਨ-ਰਸ-ਸੁਆਸੀ ਅਭਿਆਸ ਐਸੇ ਠਹਿਰਾਉ, ਸਹਿਜਾਉ ਤੇ ਰਹਿਸਾਉ ਅੰਦਰ ਹੋਇ ਆਵੰਦਾ ਹੈ ਕਿ ਇਸ ਅਗਾਧ ਆਤਮ-ਰਸ ਪ੍ਰਾਇਣ ਹੋਇ ਸੁਆਸਾਂ ਨੂੰ ਭਾਵੇਂ ਕਿਤਨਾ ਚਿਰ ਹੀ ਨਾਭ ਕੰਵਲ ਅੰਦਰ ਠਹਿਰਾਈ ਰਖੋ, ਇਨ੍ਹਾਂ ਦਾ ਅਰਧ ਉਰਧੀ ਵੇਗ-ਵਿਗਾਉ ਹੋਣਾ ਹੀ ਨਹੀਂ ਪਾਉਂਦਾ। ਪਵਨ ਰਸ-ਸੁਆਸਾਂ ਦੇ ਵੇਗ ਨੂੰ ਭਾਵੇਂ ਕਿਤਨਾ ਚਿਰ ਹੀ ਨਾਭੀ ਅੰਦਰ ਅਟਕਾਈ ਰਖੋ, ਅਦੁਤੀ ਅਨੰਦ ਲਹਿਰਾਉ ਵਿਚ ਅਟਕੇ ਰਹਿਣਗੇ ਅਤੇ ਸੁਰਤੀ ਰਸ-ਜੋਤਿ-ਠਹਿਰਾਉ ਵਾਲੇ ਆਤਮ ਵਿਗਾਸੀ ਮਰਕਜ਼, ਅਰਥਾਤ ਮਹਾਂ ਅਨੰਦ ਝਰਨਾਟੀ ਨਾਭ ਕੰਵਲ ਵਿਚ ਹੀ ਖੁਭੀ ਰਹੇਗੀ। ਜਿਤਨਾ ਚਿਰ ਤੀਕ ਸੁਰਤੀ ਦਾ ਖੁਭਾਉ ਬਣਿਆ ਰਹੇਗਾ, ਉਤਨਾ ਚਿਰ ਹੀ ਸੁਆਸਾਂ ਦਾ ਅਟਕਾਉ ਉਥੇ ਅਟਕਿਆ ਰਹੇਗਾ। ਇਸ ਆਤਮ ਬਿਵਸਥਾ ਦੇ ਅਰੂੜ ਹੋਣ ਪਰ ਕੋਈ ਸਮਾਂ ਐਸਾ ਆਵੇਗਾ ਕਿ ਸੁਆਸਾਂ ਦੇ ਧਣਖ ਦੇ ਚਿੱਲੇ ਨੂੰ ਪ੍ਰੇਮ ਚਾਬਕ ਦੇ ਟਿੱਲੇ, ਹਿਜਕੇ ਦੁਆਰਾ ਚੜ੍ਹਾਇ ਕੇ ਇਕ-ਦਮ ਨਾਭੀ-ਕੰਵਲ ਵਿਚ ਖਿੱਚੀ ਹੋਈ ਰਸ-ਜੋਤਿ-ਤਣੀ ਉਪਰਵਾਰ ਨੂੰ ਪੁੱਠੀ ਤਾਰੀ ਵਾਲੀ ਚੁਭੀ ਦਸਮ ਦੁਆਰ ਵਿਖੇ ਲੈ ਜਾਇ ਖੇਡਾਏਗੀ। ਘਟਅੰਤਰੀ ਆਤਮ ਵਿਗਸਾਉ ਵਾਲੇ ਸਾਰੇ ਜੋਤਿ ਪੁਲਾੜ ਦਾ ਫੈਲਾਉ ਨਾਭ ਤੋਂ ਨਭ ਤਾਈਂ ਫੈਲ ਜਾਏਗਾ, ਪਰ ਇਸ ਦਾ ਮਹਾਂ ਅਨੰਦਨੀ ਜੋਤਿ-ਜਲਵਾਉ ਅਗੇ ਨਾਲੋਂ ਅਤਿ ਅਪਾਰ ਗੁਣਾਂ ਹੋ ਜਾਏਗਾ। ਟਹਿਕ-ਟਹਿਕਾਉ ਸਹਿਜਾਉ ਵਾਲੇ ਦਸਮ ਦੁਆਰੀ ਟਿਕਾਉ ਦਾ ਵਧਾਉ ਭੀ ਅਤਿ ਅਧਿਕਾਉ ਵਿਚ ਵਧਦਾ ਜਾਏਗਾ ਅਤੇ ਹਰੇਕ ਤਾਰੀ ਵਿਚ ਵਧਦਾ ਰਹੇਗਾ। ਨਾਭੀ ਅੰਦਰ ਪਵਨ ਰਸ ਜੋਤਿ ਦਾ ਦਖਾਉ ਉਵੇਂ ਜਿਵੇਂ ਹੀ ਦਬਿਆ ਰਹੇਗਾ। ਸੁਆਸੀ ਪ੍ਰਾਣ ਆਤਮੀ ਜੋਤਿ ਝਰਨਾਟ ਉਤਾਹਾਂ ਨੂੰ ਜਾ ਚੜ੍ਹੇਗਾ। ਇਕ ਫੁਰਤ ਸਫੁਰਤੀ ਬਿਜਲ ਸੁਰਅਤ (ਫੁਰਤੀ) ਵਿਚ ਰਸ-ਜੋਤਿ ਅਕ੍ਰਖਣੀ ਲਿਵਤਾਰ ਚੁਭੀ ਲਾਇ ਕੇ ਅਭਿਆਸੀ ਜਨ ਦਾ ਗੌਣ ਸਰਵਰੀ ਅਥਾਹ ਜੋਤਿ ਵਿਗਾਸੀ ਪੁਲਾੜ ਅੰਦਰ ਜਾਏ ਪਰਵੇਸ਼ ਦੇਵੇਗਾ ਅਤੇ ਆਪਣੀ ਮੌਜ ਅਨੁਸਾਰ ਹੀ ਉਪਰਲੇ ਔਜ ਤੋਂ ਉਤਰ ਕੇ ਫੇਰ ਉਸੇ ਉਰਧੰਤਰੀ ਲਿਵਤੌਜ ਵਿਚ ਮਸਤ-ਮਸਤੌਜੀ ਅਭਿਆਸ ਜਾਰੀ ਰਖੇਗਾ। ਨਭ ਨਾਭੰਤਰੀ ਤਾਰ ਜੁੜੀ ਜੁੜਾਈ ਹੀ ਰਹੇਗੀ। ਉਪਰਲੀ ਜਾਂ ਹੇਠਲੀ ਖੇਡ ਵਿਚ ਸੁਆਸਾਂ ਪ੍ਰਾਣਾਂ ਦੇ ਬਿਨਸ-ਬਿਨਸਾਉ ਦਾ ਖ਼ੌਫ ਖ਼ਤਰਾ ਮੂਲੋਂ ਨਹੀਂ ਰਹੇਗਾ। ਜੋਤਿ-ਵਿਗਾਸ ਰਸ ਦੇ ਸ਼ਗੁਫਤਾਉ ਅੰਦਰ ਹੀ ਉਤਰਾਉ ਚੜ੍ਹਾਉ ਦੀ ਸਾਰੀ ਖੇਡ ਖੇਡੀ ਜਾਂਦੀ ਹੈ ਅਤੇ ਸਹਿਜ ਸਹਿਜਾਉ ਆਤਮ ਬਿਵਸਥਾ ਦੇ ਕੇਲ-ਕੇਲਾਉ ਵਿਚ ਹੀ ਖੇਡੀ ਜਾਂਦੀ ਹੈ। ਜਦ ਤਾਈਂ ਅਭਿਆਸੀ ਜਨ ਦਾ ਇਹ ਸ਼ਗੁਫਤਾਉ ਅਤਿ ਪਰਬਲ ਲਹਿਰਾਉ ਵਿਚ ਨਾ ਆ ਜਾਵੇ, ਓਦੋਂ ਤਾਈਂ ਉਤਰਾਰਧੀ ਚੜ੍ਹਾਉ ਚੜ੍ਹਨ ਦਾ ਹਮਾਕਤੀ ਹੱਠ-ਹਠਾਉ ਨਹੀਂ ਕਰਨਾ ਚਾਹੀਦਾ, ਕਿਉਂਕਿ ਹੱਠ-ਯੋਗ ਦੀ ਤਾਂ ਇਥੇ ਲੋੜ ਹੀ ਨਹੀਂ। ਗੁਰਮਤਿ ਦਾ ਇਹ ਸਹਿਜ-ਜੋਗ ਸੁਤੇ ਸੁਭਾਵ ਅਨਦ-ਲਹਿਰੀ-ਵਿਗਾਸ ਵਿਚ ਹੋਇ ਆਂਵਦਾ ਹੈ। ਏਸ ਸਹਿਜ ਵਿਗਾਸੀ, ਦਸਮ ਦੁਆਰ ਸਹਿਜਾਸੀ ਪਦ ਨੂੰ ਪੁਗ ਕੇ "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"* ਵਾਲੇ ਗੁਰਵਾਕ ਦੇ ਭਾਵ ਅਨੁਸਾਰ ਇਸ ਦੀ ਪਛਾਣ ਹੋ ਆਉਂਦੀ ਹੈ। ਜੋਤਿ ਸਰੂਪੀ ਆਤਮ-ਅੰਸ ਜੋਤੀਸ਼ ਪਰਮਾਤਮਾ ਦਾ ਅੰਸ-ਅਸਲਾ ਇਕੋ ਹੀ ਹੈ। ਜੋਤਿਅੰਸੀ ਆਤਮ-ਵਿਤੰਸੀ ਆਪਾ ਚੀਨੇ ਬਿਨਾ ਭਰਮ ਦੀ ਕਾਈ ਨਹੀਂ ਮਿਟਦੀ। ਆਤਮ-ਵਿਗਾਸੀ ਗੁਰਮਤਿ ਨਾਮ ਅਭਿਆਸੀ ਅਜਪਾ ਜਾਪ ਕੀਤਿਆਂ ਅਸਲ ਅਪਾ

*ਆਸਾ ਮ: ੩ ਛੰਤ, ਅੰਕ ੫, ਪੰਨਾ ੪੪੧



www.AKJ.Org

ਚੀਨੀਦਾ ਹੈ। ਆਪਾ ਹੀ ਨਹੀਂ, ਸਗੋਂ ਇਸ ਅਗੰਮੀ ਭੇਦ ਦਾ ਭੀ ਚੰਨ ਅਸਲਾਪਾ ਪ੍ਰਾਪਤ ਹੁੰਦਾ ਹੈ ਕਿ ਆਤਮ ਸਰੂਪੀ ਆਪਾ, ਪਰਮਾਤਮ ਸਰੂਪ ਜੋਤੀਸ਼ ਅੰਸ ਅਸਲਾਪਾ ਇਕੋ ਹੀ ਹੈ । ਤਾਂਤੇ ਆਪਾ ਜੋਤਿ ਆਤਮ ਸਰੂਪ ਹੀ ਨਹੀਂ, ਸਗੋਂ ਜੋਤੀਸ਼ ਪਰਮਾਤਮ ਸਰੂਪ ਪਰਤੱਖ ਨਦਰੀ ਆਉਣ ਲਗ ਪੈਂਦਾ ਹੈ, ਪਰਗਟ ਪਾਹਾਰੇ ਜਾਪਣ ਲਗ ਪੈਂਦਾ ਹੈ। ਇਸ ਬਿਧਿ "ਆਪਾ ਆਪ ਚੀਨੀਅਤਿ" ਅਰਥਾਤ ਗੁਰਮਤਿ ਨਾਮ ਆਪਾ ਜਾਪ ਆਤਮ ਨੂੰ ਪਰਮਾਤਮ ਚੀਨਾਉਣ ਵਾਲਾ, ਸੋਹੰ ਸੋ ਜਣਾਉਣ ਵਾਲਾ ਹੈ। "ਸੋਹੰ ਸੋ" 'ਅਜਪਾ ਜਾਪ' ਦਾ ਭਾਵ ਇਹ ਨਹੀਂ ਕਿ ਗੁਰਮਤਿ ਅੰਦਰ 'ਸੋਹੰ ਸੋ' ਦੇ ਅੱਖਰਾਂ ਦਾ ਜਾਪ ਕਰਨਾ ਹੀ ਅਜਪਾ ਜਾਪ ਹੈ । 'ਸੋਹੰ ਸੋ' ਦਾ ਅਭਿਆਸ ਕਰਨਾ ਗੁਰਮਤਿ ਵਿਚ ਉੱਕਾ ਹੀ ਵਿਧਾਨ ਨਹੀਂ, ਸਗੋਂ ਉੱਕਾ ਹੀ ਅਪਰਵਾਨ ਹੈ। ਗੁਰਮਤਿ ਨਾਮ ਅਭਿਆਸੀ ਆਪਾ ਪਦ ਨੂੰ ਚੀਨ ਕੇ ਭੀ ਗੁਰਮਤਿ ਨਾਮ ਅਭਿਆਸ ਦੀ ਭਾਉ-ਭਗਤੀ ਵਿਚ ਹੀ ਮਗਨ ਰਹਿੰਦੇ ਹਨ।

ਸੋ 'ਬ੍ਰਹਮ ਮੈਂ ਹਾਂ' ਵਾਲਾ ਅਹੰਬ੍ਰਹਮੀ ਜਾਪ ਕੋਈ ਜਾਪ ਹੀ ਨਹੀਂ, ਨਾ ਹੀ ਇਹ ਭਗਤੀ ਭਾਵ ਵਾਲਾ ਜਾਪ ਹੈ। ਗੁਰਮਤਿ ਨਾਮ ਅਭਿਆਸੀ ਭਗਤ ਜਨਾਂ ਨੂੰ ਆਪਾ ਚੀਨ ਕੇ ਹੀ ਉਨਮਨੀ ਜੋਤਿ ਦਾ ਉਦੋਤ ਪਰਬਲ ਰਹਿੰਦਾ ਹੈ । ਉਹ ਏਸ ਗੱਲ ਵਿਚ ਹੀ ਅਟਕੇ ਨਹੀਂ ਰਹਿੰਦੇ ਕਿ ਬਸ ਆਪਾ ਚੀਨਿਆ ਗਿਆ । ਨਾ ਹੀ ਉਹਨਾਂ ਨੂੰ ਇਹ ਅਹੰਬ੍ਰਹਮੀ ਅਗਿਆਨ ਉਪਜਦਾ ਹੈ ਕਿ ਆਪਾ ਚੀਨ ਕੇ ਬਸ, ਅਸੀਂ ਬ੍ਰਹਮ ਹੀ ਬਣ ਗਏ। ਜਿਥੇ ਉਨਮਨੀ ਜੋਤਿ ਕੇ ਉਦੋਤ ਪਰਬਲ ਹੋਇ, ਉਥੇ ਅਟਕਾਉ ਕਿੱਥੇ ? ਅਤੇ ਅਹੰਬ੍ਰਹਮੱਸਮੀ ਦੀ ਸਮਝ ਵਾਲੇ ਅਸਮਝਾਉ ਕਿਥੇ ? ਅਹੰਬ੍ਰਹਮ-ਅਸਮੀ ਦੇ ਅਗਿਆਨ ਵਾਲਿਆਂ ਨੂੰ ਉਨਮਨੀ ਜੋਤਿ ਕੇ ਉਦੋਤ ਪ੍ਰਾਪਤ ਹੀ ਨਹੀਂ ਹੁੰਦੇ, ਪਰਬਲ ਤਾਂ ਕੀ ਹੋਣੇ ਸੀ । ਆਪਾ ਪਦ ਲੰਘ ਕੇ ਆਤਮੋ ਪਰਮਾਤਮ ਚੀਨਿਆਂ ਤੇ ਪਰਮਾਤਮ-ਪ੍ਰਾਇਣ ਪ੍ਰੇਮਾ-ਭਗਤੀ ਵਿਚ ਤਤਪਰ ਹੋਇਆਂ ਹੀ ਉਨਮਨੀ ਜੋਤਿ ਕੇ ਉਦੋਤ ਪਰਬਲ ਹੁੰਦੇ ਹਨ । ਇਹ ਸਭ ਦਸਮ ਦੁਆਰ ਦੀ ਖੇਡ ਹੈ । ਤ੍ਰੈਗੁਣੀ ਅਵਸਥਾ ਵਾਲੇ ਮਨ ਤੋਂ ਅਤੀਤ ਜੋ ਤੁਰੀਆ ਪਦ ਵਾਲੀ ਅਵਸਥਾ ਹੈ, ਸੋ ਕਹੀਐ ਉਨਮਨ ਅਵਸਥਾ, ਜਿਥੇ ਝਿਲਮਿਲਕਾਰੀ ਜੋਤਿ ਦਾ ਉਜਿਆਰਾ ਹੈ। ਇਸ ਝਿਲਮਿਲਕਾਰੀ ਜੋਤਿ-ਉਜਿਆਰੇ ਵਾਲੀ ਉਨਮਨੀ ਅਵਸਥਾ ਵਿਖੇ ਉਨਮਨੀ ਜੋਤਿ ਛੱਲਾਂ ਮਾਰ ਮਾਰ ਉਛਲਦੀ ਹੈ। ਏਹਨਾਂ ਜੋਤਿ ਛਣਕਾਂ ਦੇ ਛਣਕਾਰੇ ਅਤਿ ਪਰਬਲ ਜੋਤਿ ਝਲਕਾਂ ਵਿਚ ਝਲਕਾਰੇ ਮਾਰਦੇ ਹਨ । ਅਤੇ ਖਿਨ ਖਿਨ ਇਹ ਜੋਤਿ ਝਲਕਾਰਿਆਂ ਵਾਲੀ ਉਦੋਤ ਝਲਕਾਰਨੀ ਦਸ਼ਾ ਪਰਬਲ ਤੋਂ ਪਰਬਲ ਹੁੰਦੀ ਚਲੀ ਜਾਂਦੀ ਹੈ। ਇਸ ਪਰਬਲ ਜੋਤਿ ਉਦੋਤੀ ਉਨਮਨ ਅਵਸਥਾ ਅੰਦਰ ਅਨਹਦ ਨਾਦ ਦੀ ਰੁਝ ਝੁਣ ਬਿਸਮਾਦ ਧੁੰਨਿ ਵਿਚ ਸੁਣਾਈ ਦਿੰਦੀ ਹੈ। ਤਿਥੈ ਤੁਰੀਆ ਪਦ ਦੀ ਉਨਮਨ ਅਵਸਥਾ ਵਿਖੇ ਅੰਮ੍ਰਿਤ ਜਲ-ਮਈ ਬਰਖਾ ਦੇ ਨਿਝਰ ਝਰਨੇ ਮੂਸਲਾਧਾਰੀ ਝਰਨਾਟ ਵਿਚ ਝਰਦੇ ਰਹਿੰਦੇ ਹਨ। ਨਿਝਰ ਝਰਨ, ਇਕ-ਰਸ ਅੰਮ੍ਰਿਤ ਰਸ ਜਲ ਦੀ ਝਰਨ ਹੈ। ਜਿਸ ਦੀ ਇਕ-ਰਸਤਾ ਦਾ, ਜਿਸਦੇ ਇਕ-ਰਸ ਝਰੀ ਜਾਣ ਦਾ ਕੋਈ ਅੰਤ ਨਾ ਪਰਾਵਾਰ ਹੋਵੇ। ਨਿਝਰ ਦਾ ਭਾਵ ਨਾ ਝਰਨ ਵਾਲੀ ਝਰਨਤਾ ਦਾ ਨਹੀਂ, ਜੈਸੇ ਕਿ ਕਈ ਅਨਜਾਣ ਲੋਗ 'ਨਿ' ਤੇ 'ਅ' ਨੂੰ ਨਫ਼ੀ ਦੇ ਅਰਥ ਦੇਣ ਵਾਲੇ ਸਮਝਦੇ ਹਨ। ਏਸੇ ਪਰਕਾਰ ਅਜਪਾ ਜਾਪ ਦਾ ਭਾਵ ਇਕ-ਰਸ ਜਪੀ ਜਾਣ ਵਾਲਾ ਹੈ, ਜਿਸ ਦਾ ਹੱਦ-ਬੰਨਾ ਹੀ ਕੋਈ ਨਹੀਂ । ਵਡੀਆਂ ਅਕਲਾਂ ਵਾਲੇ ਅਰਥੂਏ ਅਜਪਾ ਜਾਪ ਦੇ ਅਰਥ ਇਹ ਲਾਇਆ ਕਰਦੇ ਹਨ ਕਿ ਅਜਪਾ ਜਾਪ ਉਹ ਜਾਪ ਹੈ ਜਿਸ ਨੂੰ ਜਿਹਬਾ ਕਰਕੇ ਨਾ ਜਪਿਆ ਜਾਵੇ। 'ਅ' ਦੇ ਅਰਥ ਨਫ਼ੀ ਦੇ ਕਰਕੇ, ਅਜਪਾ ਦੇ ਅਰਥ ਨਾ ਜਪਣ ਵਾਲਾ ਲਾਉਂਦੇ ਹਨ। ਜਾਪ ਕੀ ਤੇ ਨਾ ਜਪਣ ਵਾਲਾ ਕੀ ? ਦੋਈ ਮੁਤਜ਼ਾਦ ਗੱਲਾਂ ਹਨ। ਤਾਂਤੇ ਅਜਪਾ ਜਾਪ ਦਾ ਅਰਥ ਇਕ-ਰਸ ਜਪੀਂ ਜਾਣ ਵਾਲਾ ਜਾਪ ਹੈ। ਏਸੇ ਪਰਕਾਰ 'ਨਿਝਰ ਝਰਨ' ਸੋ ਝਰਨਾ ਹੈ ਜੋ ਇਕ-ਰਸ ਝਰੀ



www.AKJ.Org

ਜਾਵੇ । ਕਈ ਗਿਆਨੀ ਅਖਦੇ ਹਨ ਕਿ ਜੋ ਜਾਪ ਜਿਹਵਾ ਕਰਕੇ ਨਾ ਜਪਿਆ ਜਾਵੇ, ਹਿਆਏ (ਹੀਅੜੇ) ਕਰਕੇ ਜਪਿਆ ਜਾਵੇ ਸੋ ਅਜਪਾ ਜਾਪ ਹੈ। ਪਰ ਇਉਂ ਇਹ ਜਾਪ ਅਜਾਪ ਕਿਵੇਂ ਹੋਇਆ, ਜਪਿਆ ਤਾਂ ਫੇਰ ਭੀ ਗਿਆ, ਚਾਹੇ ਹੀਅਰੇ ਕਰਕੇ ਹੀ ਜਪਿਆ ਗਿਆ । ਕੀ ਹੀਅਰੇ ਨੂੰ ਜਾਪ ਜਪਣਾ ਬਹੁਤਾ ਮਾਫਕ ਆਉਂਦਾ ਹੈ ? ਜਿਹਬਾ ਨੂੰ ਨਹੀਂ ਆਉਂਦਾ ? ਉਹ ਕਹਿੰਦੇ ਹਨ ਜਿਸ ਜਾਪ ਨੂੰ ਜਪਦੇ ਹੋਇਆਂ ਬੁੱਲ੍ਹ ਨਾ ਹਿੱਲਣ, ਜੀਭ ਨਾ ਹਿਲੇ, ਹਲਕ ਤਾਲੂਏ ਨੂੰ ਕੋਈ ਹਰਕਤ ਨਾ ਕਰਨੀ ਪਏ, ਉਹ ਜਾਪ ਅਜਪਾ ਜਾਪ ਹੈ । ਹੀਅਰੇ (ਹਿਰਦੇ) ਕਰਿ ਜਪਿਆ ਜਾਪ, ਬਿਨ ਹੀਅਰੇ ਦੇ ਹਰਕਤ ਵਿਚ ਆਇਆਂ ਕਿਵੇਂ ਜਪਿਆ ਜਾਵੇਗਾ ? ਕੀ ਇਹ ਹਰਕਤ-ਹਿਲਾਉ ਨੂੰ ਹੀ ਸਰਾਪ ਹੈ ? ਤਾਂ ਹੀ ਜਾਪ ਅਜਾਪ ਬਣਦਾ ਹੈ ? ਜਾਪ ਦੇ ਹਰਕਤ-ਹਿਲਾਉ-ਹੀਣ ਅਰਥਾਂ ਵਾਲੇ ਅਜਾਪ ਹੋਣ ਵਿਚ ਕੀ ਸ਼ੇਖ਼ੀ ਹੈ ? ਕੀ ਵਾਧਾ ਹੈ ? ਜਦ ਤਾਈਂ 'ਜਾਪ' ਪਦ ਅਜਪਾ ਦੇ ਨਾਲ ਪਿਆ ਹੈ, ਤਦ ਤਾਈਂ ਲਖ ਜ਼ੋਰ ਲਾ ਲਵੋ, ਇਹ ਹਰਕਤ-ਹਿਲਾਉ-ਹੀਣ ਹੋ ਹੀ ਨਹੀਂ ਸਕਦਾ। ਹੀਅਰਾ ਭੀ ਉਤਾਹਾਂ ਹਿਠਾਹਾਂ ਹੋਊ, ਤਦੇ ਜਾਪ ਜਪਿਆ ਜਾਊ । ਘਟ ਹੀਅੜੇ ਅੰਦਰ ਸੁਆਸਾਂ ਦੇ ਅਰਧ ਉਰਧੀ ਹਿਲਾਉ ਕਰਕੇ ਹੀ ਜਾਪ ਜਪਿਆ ਜਾਊ । ਹਾਂ, ਜਿਥੇ ਸੁਰਤੀ ਹੈ ਉਥੇ ਹਿਲਾਉ-ਹਰਕਤ ਨਹੀਂ । ਪਰ ਸੁਰਤੀ ਕਰਕੇ ਸਿਮਰਨ ਹੋ ਸਕਦਾ ਹੈ, ਜਾਪ ਨਹੀਂ ਹੋ ਸਕਦਾ । ਸੁਰਤੀ ਵਾਲੇ ਸਿਮਰਨ ਨੂੰ ਅਜਪਾ ਜਾਪ ਨਾਉਂ ਦੇਣਾ ਅਨਥਾ ਹੈ, ਨਾ ਹੀ ਹਿਆਇ ਕਰਕੇ ਜਪਣਾ ਸੁਰਤੀ ਕਰਕੇ ਸਿਮਰਨ ਦੇ ਅਰਥਾਂ ਵਿਚ ਅਰਥਾਇਆ ਜਾ ਸਕਦਾ ਹੈ । ਤਾਂਤੇ ਜੋ ਮਨ ਕੇਵਲ ਹਿਆਇ ਕਰਕੇ ਹੀ ਜਪਦਾ ਹੋਵੇ ਅਤੇ ਜਿਹਬਾ ਕਰਕੇ ਨਾ ਜਪਦਾ ਹੋਵੇ, ਉਹ ਜਨ ਹੀ ਕੋਈ ਜਾਣੈ ਕਿ ਐਸਾ ਬਿਨ ਜਿਹਬਾ ਹਿਆਇ ਕਰਿ ਜਪਣ ਵਾਲਾ ਨਾਉਂ ਕੈਸਾ ਹੈ ।

ਬਿਨੁ ਜਿਹਵਾ ਜੋ ਜਪੈ ਹਿਆਇ ॥
ਕੋਈ ਜਾਣੈ ਕੈਸਾ ਨਾਉ ॥੨॥(੪॥੧॥੬)
[ਮਲਾਰ ਮ: ੧, ਪੰਨਾ ੧੨੫੬

ਪਰ ਐਸੇ ਨਾਉਂ ਦਾ ਜਾਪ ਭੀ ਅਜਪਾ (ਨਾ ਜਪਣ ਵਾਲਾ) ਜਾਪੁ ਨਹੀਂ ਹੋ ਸਕਦਾ, ਜਪਣ ਵਿਚ ਕੇਵਲ ਜਿਹਬਾ ਦੀ ਹੀ ਸ਼ਰਤ ਨਹੀਂ । ਅਜਪਾ ਹੋਣ ਦੀ ਕੀ ਸ਼ਰਤ ਹੈ ਨਾ ਜਪਿਆ ਜਾਣ ਵਾਲੇ ਅਰਥ ਕਰਨ ਵਾਲਿਆ ਦੀ ਡਿਕਸ਼ਨਰੀ ਅੰਦਰ ? ਤਾਂਤੇ ਓਹਨਾਂ ਦੇ ਕੀਤੇ ਅਰਥਾਂ ਪ੍ਰਥਾਇ ਉਪਰਲੇ ਗੁਰਬਚਨ ਦਾ ਪਰਮਾਣ ਦੇਣਾ ਅਨਥਾ ਹੈ । ਇਹ ਘਟਣ-ਘਟਾਉ ਹੀ ਨਹੀਂ ਘਟ ਸਕਦਾ । ਹਾਂ, ਅਨਭਵੀ ਅਭਿਆਸ ਜੋ ਦਸਮ ਦੁਆਰ ਵਿਖੇ ਹੁੰਦਾ ਹੈ, ਉਸ ਦਾ ਪਰਗਾਸ ਅਸਚਰਜ ਮਈ, ਅੱਤ ਅਸਚਰਜ ਅਧਿਭੁਤ ਪਰਮ ਅਧਿਭੁਤ ਹੈ, "ਅਨਭੈ ਅਭਿਆਸ ਕੋ ਪਰਗਾਸ ਅਚਰਜ-ਮੈ।" ਦਸਮ ਦੁਆਰ-ਮਈ ਬ੍ਰਹਮ ਸਥਲ ਦਾ ਨਿਵਾਸ ਭੀ ਬਿਸ੍ਵਾਸ ਜਨਕ ਹੈ—"ਬਿਸਮ ਬਿਸ੍ਵਾਸ ਬਾਸ ਬ੍ਰਹਮ ਸਥਲ ਹੈ" । ਤਿਸ ਬਿਵਸਥਾ ਪ੍ਰਥਾਇ ਸਮੁਚਾ ਹੀ ਭਾਈ ਗੁਰਦਾਸ ਜੀ ਦਾ ਕਬਿੱਤ ਮਈ ਵਾਕ ਇਸ ਪਰਕਾਰ ਹੈ :—

ਗੁਰਮੁਖ ਸ਼ਬਦ ਸੁਰਤਿ ਲਿਵ ਸਾਧ ਸੰਗਿ
ਉਲਟਿ ਪਵਨ ਮਨ ਮੀਨ ਕੀ ਚਪਲ ਹੈ॥
ਸੋਹੰ ਸੋ ਅਜਪਾ ਜਾਪ ਚੀਨੀਅਤਿ ਆਪਾ ਆਪ
ਉਨਮਨੀ ਜੋਤਿ ਕੋ ਉਦੋਤ ਪ੍ਰਬਲ ਹੈ॥
ਅਨਹਦ ਨਾਦ ਬਿਸਮਾਦ ਰੁਣ ਝੁਣਿ ਸੁਣਿ
ਨਿਝਰ ਝਰਨਿ ਬਰਖਾ ਅੰਮ੍ਰਿਤ ਜਲ ਹੈ॥
ਅਨਭੈ ਅਭਿਆਸ ਕੋ ਪ੍ਰਗਾਸ ਅਚਰਜ-ਮੈ
ਬਿਸਮ ਬਿਸ੍ਵਾਸ ਬਾਸ ਬ੍ਰਹਮ ਸਥਲ ਹੈ॥੨੫੧॥

ਗੁਰਮਤਿ ਸਹਿਜ ਯੋਗ ਦੀ ਉਲਟ ਪਵਨਾਰੀ ਜਲ ਮੀਨ ਗਤਿ ਚਪਲ ਜੁਗਤਿ ਲਿਵ ਸ਼ਬਦ ਸੁਰਤਿ ਅਭਿਆਸ ਉਡਾਰੀ ਦੁਆਰਾ ਇੜਾ, ਪਿੰਗਲਾ, ਸੁਖਮਨਾ ਦਾ ਸੁਤੇ ਸਹਿਜ ਸੰਗਮ ਹੋ ਕੇ, ਸੁਤੇ ਸਹਿਜ ਹੀ ਤ੍ਰਿਕੁਟੀ ਉਲੰਘਨ ਹੋ ਜਾਂਦੀ ਹੈ । ਤ੍ਰਿਕੁਟੀਓਂ ਪਾਰ ਦਸਮ ਦੁਆਰ ਵਿਖੇ ਇਕ ਪਰਕਾਰ ਦਾ ਜਲ ਮੀਨ ਚਪਲ ਗਤਿ ਛਣੱਪਾ ਮਾਰ ਕੇ ਜਾ ਪਰਵੇਸ਼ ਕਰੀਦਾ ਹੈ ਅਤੇ ਇੜਾ, ਪਿੰਗਲਾ, ਸੁਖਮਨਾ ਦਾ ਹੱਠ-ਯੋਗੀ ਸੰਗਮ ਕਰਾਉਣ ਦੇ ਬਿਖਮ ਝੰਜਟ ਵਿਚ ਨਹੀਂ ਪੈਣਾ ਪੈਂਦਾ । ਉਦੋਂ ਹੀ ਪਤਾ ਲਗਦਾ ਹੈ ਜਦੋਂ ਕਿ ਗੁਰਮਤਿ ਸ਼ਬਦ ਸੁਰਤ ਦੀ ਸਹਿਜ ਉਲਟ ਪਵਨ



www.AKJ.Org

ਅਭਿਆਸ-ਰਸ ਦਾ ਬਿਸਮ ਬਿਸ੍ਰਾਸ ਬੱਝ ਜਾਂਦਾ ਹੈ ਅਤੇ ਬਿਸਮਾਦ ਪਰਤੱਖਤਾ ਦੇ ਸਨਮੁਖ ਦਰਸ਼ਨੀ ਅਨਹਦ ਅਖਾੜੇ ਪਰਗਟ ਪਾਹਾਰੇ ਖੁਲ੍ਹ ਜਾਂਦੇ ਹਨ, ਜਿਥੇ ਪੁਗ ਖਲੋਇ ਕੇ ਭੀ ਅਨਭੈ ਅਭਿਆਸ ਰਸ ਦੇ ਪਰਮ ਅਧਿਭੁਤ ਪੁਹਾਰੇ ਪੈਣ ਲਗ ਪੈਂਦੇ ਹਨ ਅਤੇ ਪ੍ਰੇਮ-ਅਮੀ ਦੇ ਗੁਹਜ-ਗਵਨੀ ਅਮਿਉ ਰਸ ਰਵਨੀ ਪਵਨ ਪਿਆਲਿਆਂ ਦੇ ਗਟਾਕ ਪੀਵੀਦੇ ਹਨ। ਸ਼ਬਦ ਕਰਕੇ, ਅਨਹਦ ਨਾਦੀ ਸੁਰਤ ਕਰਕੇ ਉਨਮਨ ਬਿਸਮਾਦੀ ਅਤੇ ਪ੍ਰੇਮ ਕਰਕੇ ਸਹਿਜ ਰਵਨੀ ਨਿਝਰ ਧਾਰ ਰਸਾਇਣੀ ਸਦ-ਅਮਰ ਜ਼ੀਸਤੀ ਆਤਮ ਰੰਗ ਮਾਣੀਦੇ ਹਨ ਅਤੇ ਸੁਤੇ ਸਹਿਜ ਹੀ ਤ੍ਰਿਕੁਟੀ ਉਲੰਘ ਕੇ ਆਤਮ ਪ੍ਰਮਾਤਮ ਸੁਖ-ਸਾਗਰ ਸੰਜੋਗ ਭੋਗ ਭੋਗੀਦੇ ਹਨ । ਦਸਮ ਦੁਆਰ ਏਹਨਾਂ ਸੰਜੋਗ ਭੋਗਾਂ ਦਾ ਨਿਹਕੇਵਲ ਭਵਨ ਹੈ । ਇਹ ਉਪਰਲੀ ਵਿਆਖਿਆ ਹੇਠ ਲਿਖੇ ਭਾਈ ਗੁਰਦਾਸ ਜੀ ਦੇ ਕਬਿੱਤ ਦਾ ਟੂਕ ਮਾਤਰ ਅਨਭਵੀ ਅਨਵਾਦ ਹੈ:—

ਸਬਦਿ ਸੁਰੰਤ ਲਿਵ ਲੀਨ ਜਲ ਮੀਨ ਗਤਿ
ਸੁਖਮਨਾ ਸੰਗਮ ਹੁਇ ਉਲਟ ਪਵਨ ਕੈ ॥
ਬਿਸਮ ਬਿਸ੍ਰਾਸ ਬਿਖੈ ਅਨਭੈ ਅਭਿਆਸ ਰਸ
ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ ॥
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ
ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ॥
ਤ੍ਰਿਕੁਟੀ ਉਲੰਘਿ ਸੁਖ਼ ਸਾਗਰ ਸੰਜੋਗ ਭੋਗ
ਦਸਮ ਸਥਲ ਨਿਹਕੇਵਲ ਭਵਨ ਕੈ ॥੨੯੧॥

# ਸ਼ਬਦ-ਸੁਗੰਧਿ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ, ਜ਼ਿਲਾ ਗੁੜਗਾਉਂ]

ਪਤਾ ਨਹੀਂ ਇਸ ਰੱਬੀ ਬਾਣੀ, ਮੇਰੇ ਸੰਗ ਕੀ ਕਰ ਦਿਤੈ ।
ਇਸ ਬਾਣੀ—ਬੋਹਿਥ ਦੇ ਅੱਗੇ, ਮੈਂ ਸੀਸ ਆਪਣਾ ਧਰ ਦਿਤੈ ।
ਮੈਂ ਕੀ ਹਾਂ ? ਪਾਮਰ ਰੂਹਾਂ ਕਈ ਇਸ ਸ਼ਬਦ ਸੁਗੰਧਿ ਨਸ਼ਿਆਈਆਂ ਨੇ;
ਹਰ ਫ਼ਕੀਰ ਦਾ ਖ਼ਾਲੀ ਕਾਸਾ, ਦਾਤਾ ਬਣ ਇਸ ਭਰ ਦਿਤੈ । ੧
"ਦਸਮ ਦੁਆਰਾ ਅਗਮ ਅਪਾਰਾ"* ਪਰਮ ਪੁਰਖ ਦੀ ਘਾਟੀ ਦਾ;
ਖੋਲ੍ਹ ਕਿਵਾੜ ਦਿਖਾਇਐ ਰਾਹ ਇਸ ਨੈਣ-ਇਸ਼ਾਰਾ ਕਰ ਦਿਤੈ । ੨
ਸੁਰਤ ਉਤਾਹਾਂ ਉਠ ਕੇ ਉੱਚੇ ਗਗਨਾਂ ਵਿਚ ਲਹਿਰਾਂਦੀ ਏ;
ਮਜਨ ਕਰੇ ਮਨ ਨਿਰਮਲ ਹੋਵੇ (ਇਸ) ਐਸਾ ਅੰਮ੍ਰਿਤ-ਸਰ‡ ਦਿਤੈ । ੩
ਗੁਰਮਤਿ ਗਾਡੀ ਰਾਹ ਤੇ ਟੁਰਦੇ ਧੀਰਜ ਅਤੇ ਠਰੰਮ੍ਹੇ ਨਾਲ;
ਰੁਕਦੇ ਨਹੀਂ ਉਹ ਪੈਰ ਜਿਨ੍ਹਾਂ ਨੇ ਏਸ ਰਾਹ ਤੇ ਧਰ ਦਿਤੈ । ੪
ਇਸ ਅਮਿਉ ਦਾ ਮਿੱਠਾ ਰਸ ਜਿਸ ਚਖਿਆ ਆਪਾ ਭੁੱਲ ਗਿਆ;
ਬਾਣੀ ਦੇ ਸੂਖਮ ਭਾਵਾਂ ਨੇ, 'ਮਿਤਰ' ਦਿਖਾਲ ਨਿਜ ਉਸ ਘਰ ਦਿਤੈ । ੫

## ਆਸ ਗੁਰੂ ਕਲਗੀਧਰ ਦੀ

ਸੰਸਾਰ ਅਸਾਰ ਯਾਤਰਾ ਵਿਚ ਇਹ ਜਿੰਦ ਰਹੀ ਜੰਮਦੀ ਮਰਦੀ ।
ਇਸ ਆਵਾ-ਗਉਣ ਦੇ ਚੱਕਰ ਵਿਚ ਨਾ ਸੁਰਤ ਸੰਭਾਲੀ ਨਿਜ-ਘਰ ਦੀ ।
ਅਸਲੇ ਤੋਂ ਭੁੱਲੀ ਵਿਛੜ ਗਈ ਪਈ ਡੱਕੇ-ਡੋਲੇ ਖਾਂਦੀ ਏ;
ਹੁਣ ਕੌਣ ਮਿਲਾਵੇ ? 'ਮਿੱਤਰ ਜੀ' ਇਕ ਆਸ ਗੁਰੂ ਕਲਗੀਧਰ ਦੀ ।

*ਰਾਮਕਲੀ ਭਗਤ ਬੇਣੀ ਜੀ, ਪੰਨਾ ੯੭੪ ‡ਅੰਮ੍ਰਿਤ ਦਾ ਕੁੰਡ

www.AKJ.Org

# ਖ਼ਾਲਸਾ

## ਵਾਹਿਗੁਰੂ ਜੀ ਕਾ ਖ਼ਾਲਸਾ
## ਵਾਹਿਗੁਰੂ ਜੀ ਕੀ ਫ਼ਤਹ॥

### *[ਡੱਲੇ ਤੇ ਦਸਮ ਗੁਰੂ ਗੋਬਿੰਦ ਸਿੰਘ ਜੀ ਦੀ ਬਾਤ-ਚੀਤ]*

[ਵਲੋਂ—ਪ੍ਰੋਫੈਸਰ ਪੂਰਨ ਸਿੰਘ ਜੀ]

ਗੁਰੂ ਜੀ—ਡੱਲਿਆ ! ਉਦਾਸ ਨਾ ਹੋ, ਤੇਰੇ ਆਦਮੀ ਬਹਾਦਰ ਹਨ, ਪਰ ਜਦ ਉਨ੍ਹਾਂ ਦੇ ਹੰਕਾਰ ਤੋਂ ਵਡੇਰਾ ਦੁਖ ਉਨ੍ਹਾਂ ਉਤੇ ਝੁਲ ਪਏਗਾ ਤਾਂ ਉਨ੍ਹਾਂ ਦੀ ਬਹਾਦਰੀ ਉਥੇ ਲੰਮੀ ਪੈ ਜਾਏਗੀ। ਪਰ ਜੇ ਉਨ੍ਹਾਂ ਦੀ ਬਹਾਦਰੀ ਚੜ੍ਹਦੀਆਂ ਕਲਾ ਵਿਚ ਹੈ ਤਦ ਉਸ ਬਹਾਦਰੀ ਦੀ ਨੀਂਹ ਉੱਚੀ ਜਾ ਚੜ੍ਹੀ ਹੈ; ਤਦ ਤਨ ਜਾਏਗਾ, ਧਨ ਜਾਏਗਾ, ਧਾਮ ਜਾਏਗਾ, ਸਰਬੰਸ ਜਾਏਗਾ, ਪਰ ਉਨ੍ਹਾਂ ਦੀ ਸੂਰਬੀਰਤਾ ਨਹੀਂ ਜਾਏਗੀ।

ਮਲੂਮ ਸਰੀਰ ਵੱਡਾ ਹੁੰਦਾ ਹੈ, ਪਰ ਵੱਡਾ ਮਨ ਹੈ। ਖਿਆਲ ਦਾ ਮੰਡਲ ਵਡਾ ਹੈ, ਦੁਖ ਸੁਖ ਖ਼ਿਆਲ ਵਿਚ ਵਸਦਾ ਹੈ। ਜਦੋਂ ਖ਼ਿਆਲ ਵਿਚੋਂ ਪੀੜ ਜਿਤ ਲਈਈ ਹੈ ਤਾਂ ਸੂਰਮਾ ਅਗੇ ਵਧ ਕੇ ਘਾਉ ਖਾ ਕੇ ਮਰਦਾ ਹੋਇਆ ਵੀ ਪੀੜ ਨਹੀਂ ਮੰਨਦਾ। ਸਤੀ (ਭਾਵੇਂ ਮਾੜਾ ਕੰਮ ਹੈ) ਚਿਖਾ ਚੜ੍ਹਦੀ ਪੀੜ ਦੀ ਪਰਵਾਹ ਨਹੀਂ ਕਰਦੀ।

ਖਿਆਲ ਵਿਚੋਂ ਪੀੜ 'ਤੇ ਫ਼ਤਹ ਪਾਣ ਲਈ ਖ਼ਿਆਲ ਬਲਵਾਨ ਕਰਨਾ ਲੋੜੀਏ। ਖ਼ਿਆਲ ਪੂਰਾ ਤੇ ਅਸਲੀ ਬਲਵਾਨ, ਵਾਹਿਗੁਰੂ ਦੀ ਸਮੀਪਤਾ ਨਾਲ ਹੁੰਦਾ ਹੈ। ਵਾਹਿਗੁਰੂ ਦੀ ਸਮੀਪਤਾ ਉਸ ਦੀ ਬਾਣੀ ਤੇ ਨਾਮ ਦੇ ਅਭਿਆਸ ਨਾਲ ਹੁੰਦੀ ਹੈ। ਇਸ ਕਰਕੇ ਗੁਰੂ ਘਰ ਵਿਚ ਬਾਣੀ ਤੇ ਨਾਮ ਦਾ ਪਿਆਰ ਹੈ। ਤੁਸੀਂ ਸਿਖ ਹੋ, ਪਰ ਜੰਗਲਾਂ ਵਿਚ ਵਸਦੇ ਬਾਣੀ ਨਾਮ ਨਾਲ ਘਟ ਜੁੜੇ ਹੋ। ਬਾਣੀ ਵਾਹਿਗੁਰੂ ਦਾ ਤੀਰ ਹੈ ਤੇ ਨਾਮ ਵਾਹਿਗੁਰੂ ਦਾ ਰੂਪ ਹੈ। ਬਾਣੀ ਛੇਕ ਪਾ ਕੇ ਮਨ ਵਿੰਨ੍ਹਦੀ ਹੈ ਤੇ ਨਾਮ ਪਰਵੇਸ਼ ਕਰ ਕੇ ਆਤਮਾ ਨੂੰ ਪਰਮਾਤਮਾ ਦੇ ਨਾਲ ਠਹਿਕਾ ਦੇਂਦਾ ਹੈ। ਫਿਰ ਰੱਬੀ ਰੌ ਆਤਮਾ ਵਿਚ ਹਰ ਵੇਲੇ ਆਉਂਦੀ ਰਹਿੰਦੀ ਹੈ। ਫੇਰ ਏਸ ਬੰਦੇ ਦਾ ਬਲ ਵਾਹਿਗੁਰੂ ਦੇ ਬਲ ਨਾਲ ਜੁੜ ਕੇ ਉਥੋਂ ਤਾਕਤ ਲੈਂਦਾ ਹੈ। ਇਸ ਕਰਕੇ ਅਸੀਂ ਆਖਦੇ ਹਾਂ—

"ਵਾਹਿਗੁਰੂ ਜੀ ਕਾ ਖ਼ਾਲਸਾ"

ਖ਼ਾਲਸਾ ਵਾਹਿਗੁਰੂ ਜੀ ਦਾ ਹੈ। ਐਉਂ ਨਹੀਂ ਜਿਵੇਂ ਕਿਲ੍ਹਾ ਤਲਵੰਡੀ। ਛੋਲੇ ਤੇ ਬਾਜਰਾ ਤੇਰੀ ਮਾਲਕੀ ਹੈ ਤੇ ਉਹ ਮੁਰਦਾ ਚੀਜ਼ਾਂ ਤੇਰੇ ਕਬਜ਼ੇ ਵਿਚ ਹਨ। ਪਰ ਜਿਵੇਂ ਕਿਰਨਾਂ ਸੂਰਜ ਦੀਆਂ ਹਨ, ਜਿਵੇਂ ਬੂਟੇ ਨਾਲ ਲਗਾ ਫਲ ਬੂਟੇ ਦਾ ਹੈ, ਜਿਵੇਂ ਚਸ਼ਮੇ ਦੀ ਆਡ ਨਾਲ ਲਗਾ ਸਰੋਵਰ ਚਸ਼ਮੇ ਦਾ ਹੈ, ਹਾਂ, ਡੱਲਿਆ ! ਤਿਵੇਂ ਖ਼ਾਲਸਾ ਵਾਹਿਗੁਰੂ* ਦਾ ਹੈ, ਆਪਣਾ ਤੇ ਆਪਣੇ ਨਾਲ ਪ੍ਰੋਤਾ।

ਹੁਣ ਸਮਝ ਡੱਲਿਆ ! ਜਦ ਬਾਣੀ ਨਾਲ ਸਾਡੇ ਮਨ ਦਾ ਪਰਦਾ, ਜੋ ਸਾਨੂੰ ਪਸ਼ੂ ਤੇ ਜੀਵ ਬਣਾ ਰਿਹਾ ਹੈ, ਫਟਿਆ ਤੇ ਨਾਮ ਨੇ ਸਾਡੇ ਅੰਦਰਲੇ ਨੂੰ ਵਾਹਿਗੁਰੂ ਨਾਲ ਜੋੜ ਦਿਤਾ, ਤਦ ਆਪਾ ਰੱਬ ਹੋ ਗਿਆ। ਉਸ ਦੇ ਨਾਲ ਹਰਦਮ ਜੁੜਿਆ, ਉਸ ਤੋਂ ਪਲ ਰਿਹਾ ਤੇ ਪਾਲਨਾ ਲੈ ਰਿਹਾ ਹੈ, ਹਰਦਮ ਉਸ ਦੇ ਸਮਰੱਥਾ ਬਲ ਤੇ ਸਾਰੇ ਗੁਣਾਂ ਦਾ ਸਾਂਝੀ-ਵਾਲ ਹੋ ਰਿਹਾ ਹੈ, ਹਰਦਮ। ਦੱਸ ਇਹ ਆਪਾ ਜੀ ਉਠਿਆ ਕਿ ਨਾ ?

---

* ਇਹ ਅਨੰਤ ਦੀ ਛੂਹ ਹੈ !



www.AKJ.Org

**ਡੱਲਾ**—ਜੀ ਸੱਚੇ ਪਾਤਸ਼ਾਹ !

**ਗੁਰੂ ਜੀ**—ਸਮਝ ਸਰੀਰ ਦੀ ਮੌਤ —— ਇਸ ਜੀ ਉਠੇ ਆਪੇ ਨੂੰ ਸਰੀਰ ਦੀ ਮੌਤ ਕੀ ਸ਼ੈਅ ਰਹੀ ? ਕੁਝ ਵੀ ਨਾ। ਮਰਨ ਦਾ ਭਰਮ ਬਿਲਾ ਗਿਆ; ਭੈ ਦੂਰ ਹੋ ਗਿਆ । ਜਿਸ ਦੇ ਅੰਦਰ ਵਾਹਿਗੁਰੂ ਦੀ ਜੋਤ ਨਾਲ ਸੰਬੰਧ ਹੋ ਕੇ ਹਰਦਮ ਭਾਸਦਾ ਹੈ ਕਿ ਆਹ ਮੈਂ ਮਿਲਿਆ ਪਿਆ ਹਾਂ, ਆਹ ਜੋਤ ਜਗ ਰਹੀ ਹੈ, ਉਹ ਆਪਣੇ ਜੀਵਨ ਨੂੰ 'ਕਦੇ ਨਾ ਮਰਨ ਵਾਲਾ' ਵੇਖ ਰਿਹਾ ਹੈ। ਉਸ ਨੂੰ ਹੁਣ ਮੌਤ ਦਾ ਕੀ ਡਰ ਹੈ ? ਉਹ ਜਾਣਦਾ ਹੈ ਕਿ ਸਰੀਰ ਤਾਂ ਰਹਿਣਾ ਹੀ ਨਹੀਂ, ਇਸ ਨੇ ਮਰਨਾ ਹੀ ਹੈ ਤੇ ਜੋ ਹਿੱਸਾ ਇਸ ਵਿਚ "ਮੈਂ" ਦਾ ਸੀ, ਸੋ ਹੁਣ ਜਾਗਦੀ ਜੋਤ ਨਾਲ ਲੱਗ ਕੇ ਜਾਗ੍ਰਤ ਹੋ ਗਿਆ ਹੈ, ਜੀਉ ਪਿਆ ਹੈ, ਜਗਮਗਾ ਰਿਹਾ ਹੈ* । ਤਦ ਉਹ ਮੌਤ ਤੋਂ ਕਿਉਂ ਡਰਦਾ ਹੈ ? ਮੌਤ ਦਾ ਡਰ ਫ਼ਤਹ ਹੋ ਗਿਆ। ਇਹ ਖ਼ਾਲਸਾ ਹੈ ਬਈ। ਜਦੋਂ ਪੂਰਨ ਜੋਤ ਵਾਹਿਗੁਰੂ ਦੀ ਅੰਤਰ-ਆਤਮੇ ਆਪਣੇ ਵਿਚ ਜੋਤ ਜਗ ਪਈ, ਇਹ ਖ਼ਾਲਸਾ ਹੋ ਗਿਆ ਤੇ ਇਹ ਖ਼ਾਲਸਾ ਜੋਤ ਨਾਲ ਜੋ ਜਗਿਆ, ਵਾਹਿਗੁਰੂ ਦਾ ਹੋ ਗਿਆ। ਸੋ ਕਹੁ ਨਾ——

"ਵਾਹਿਗੁਰੂ ਜੀ ਕਾ ਖ਼ਾਲਸਾ"

ਹੁਣ ਉਹ ਵਾਹਿਗੁਰੂ ਸਦਾ ਹੈ ਤੇ ਇਹ ਨਾਲ ਰਲ ਤੇ ਸਦਾ ਹੋ ਗਿਆ‡ । ਜਦ ਇਹ ਜੋਤ ਜਗ ਪਈ, ਮੌਤ ਜਿੱਤੀ ਗਈ। ਡੱਲਿਆ ! ਲੈ ਹੋਰ ਤਰ੍ਹਾਂ ਸਮਝ—

"ਖੰਡਾ ਪ੍ਰਿਥਮੈ ਸਾਜ ਕੈ
ਜਿਨ ਸਭ ਸੰਸਾਰ ਉਪਾਇਆ॥"

ਸਾਈਂ ਨੇ ਪਹਿਲੇ ਖੰਡਾ ਸਾਜਿਆ, ਖੰਡਾ—ਖੰਡਣ ਵਾਲਾ ਸ਼ਸਤ੍ਰ । ਤਦੋਂ ਜਗਤ ਬਣਾਇਆ ਜਦੋਂ ਪਹਿਲਾਂ ਜਗਤ ਨੂੰ ਭੰਨਣ ਦਾ ਸਮਾਨ ਕੀਤਾ, ਪਹਿਲਾਂ ਮੌਤ ਰਚੀ । ਸੋ ਖ਼ਾਲਸੇ ਨੂੰ ਸਮਝ ਆ ਗਈ ਕਿ ਮੌਤ ਬਰਹੱਕ ਹੈ।

ਫੇਰ ਖ਼ਾਲਸਾ ਸੋਚਦਾ ਹੈ ਕਿ ਮੌਤ ਹੈ ਤੇ ਮੈਂ ਮਰਨਾ ਕੋਈ ਨਹੀਂ। ਤਾਂ ਤੇ ਮੌਤ ਝੂਠੀ ਹੈ, ਮੇਰਾ ਮੌਤ ਦਾ ਕੋਈ ਸੰਬੰਧ ਨਹੀਂ। ਚੋਲਾ ਬਦਲਣਾ ਹੈ, ਕਿਵੇਂ ਬਦਲ ਗਿਆ। ਅਕਸਰ ਚੋਲਾ ਪੀੜਾ ਨਾਲ ਬਦਲਦਾ ਹੈ, ਸੋ ਜਦ ਆਪ ਜੋਤ ਰੂਪ ਵਿਚ ਜਗ ਰਿਹਾ ਹੈ, ਫਿਰ ਪੀੜ ਕੀ ਤੇ ਮੌਤ ਕੀ ? ਉਹ ਫਿਰ ਪੀੜ 'ਤੇ ਫ਼ਤਹ ਪਾਂਦਾ ਹੈ। ਇਵੇਂ ਉਹ ਸੂਰਬੀਰ ਮੌਤ ਤੇ ਪੀੜ ਤੋਂ ਅਭੈ ਹੋ ਜਾਂਦਾ ਹੈ।

**ਡੱਲਾ**—ਪਾਤਸ਼ਾਹ ! ਅਸੀਂ ਜਾਂਗਲੀ ਲੋਕ ਹਾਂ ਤੇ ਆਪ ਮਿਹਰਾਂ ਕਰ ਰਹੇ ਹੋ, ਪਰ ਇਕ ਮੇਰਾ ਮੂਰਖ ਦਾ ਸਹਸਾ ਮੇਟਣਾ ! ਜਦੋਂ ਮੌਤ ਬਰਹੱਕ ਦਿਸੀ ਫੇਰ ਕਿਉਂ ਸੂਰਬੀਰਤਾ ਕਰੇਗਾ, ਵੈਰਾਗ ਧਾਰ ਕੇ ਪਹਾੜਾਂ ਵਿਚ ਨਾ ਜਾ ਸਮਾਧੀ ਲਾਏਗਾ ? ਉਸ ਨੂੰ ਫ਼ਤਹ ਕਰਨ ਦਾ ਉਤਸ਼ਾਹ ਕਿ ਪਿਆਰ ਕਰਨ ਦਾ ਉਮਾਹ ਕਿ ਕੰਮ ਕਰਨ ਦਾ ਚਾਉ ਕਿਸ ਆਸਰੇ ਰਹੇਗਾ ? ਮਨ 'ਤੇ ਪੜਦਾ ਪਿਆ ਰਹੇ, ਜ਼ਿੰਦਗੀ ਅੰਦਰੋਂ ਲੈਣ ਨੂੰ, ਪਿਆਰ ਕਰਨ ਨੂੰ, ਹੱਸਣ ਖੇਡਣ ਨੂੰ ਉੱਮਲ ਰਹੇ ਤਾਂ ਹੀ ਤਾਂ ਸਾਰੇ ਕੰਮ ਹੋ ਸਕਦੇ ਹਨ। 'ਲੈਣ ਦੇਣ'* ਦਾ ਚਾਉ ਹੀ ਤਾਂ ਕੰਮਾਂ ਵਿਚ ਲਈ ਫਿਰਦਾ ਹੈ। ਨਹੀਂ ਤਾਂ ਫਿਰ ਦਿਲ ਦਿਲਗੀਰ ਹੋ ਕੇ ਨਿੰਮੋਝੂਣਾ ਪਿਆ ਰਹੂ। ਜੀਣ ਦਾ ਕੀ ਸਵਾਦ ਤੇ ਕੰਮ ਕਰਨ ਦਾ ਕੀ ਲਾਭ ? ਖਿਮਾ ਕਰਨੀ ਮੈਂ ਜਾਂਗਲੀ ਆਦਮੀ ਹਾਂ।

**ਗੁਰੂ ਜੀ**—ਡੱਲਿਆ ! ਡਿੱਠਾ ਨਹੀਓਂ ਨਾ, ਤਾਹੀਓਂ ਪਿਆ ਆਖਦਾ ਹੈਂ ਨਾ ! ਜਦ ਅੰਦਰ ਜੋਤ ਜਗੀ ਤਾਂ ਉਹ ਕੋਈ ਭਾਂਬੜ ਤਾਂ ਨਹੀਂ ਬਲ ਪੈਣਾ, ਉਹ ਅਸਾਡਾ ਅੰਦਰਲਾ, ਜਗਤ ਦੇ ਅਧਾਰ ਅਨੰਤ ਸੱਤਾ ਦੇ ਨਾਲ ਲਗ ਕੇ ਉਸ ਦੇ ਅਸਰ ਨਾਲ ਇਕ ਉੱਚੇ ਉਤਸ਼ਾਹ, ਉੱਚੇ ਪ੍ਰਭਾਉ, ਇਕ ਉਚਿਆਣ ਦੇ ਰੰਗ ਵਿਚ ਰਹੇਗਾ। ਉਹੋ ਅਸਲੀ ਸਤਿਆ, ਓਹੋ ਅਸਲੀ ਤਾਕਤ ਇਸ ਵਿਚ ਇਹ

---

* "ਪੂਰਨ ਜੋਤ ਜਗੈ ਘਟ ਮੈ
ਤਬ ਖਾਲਸਾ ਤਾਹਿ ਨਖਾਲਸ ਜਾਨੈ ॥"

‡ "ਜਹ ਅਬਿਗਤੁ ਭਗਤੁ ਤਹ ਆਪਿ ॥" (੨੯੨)
"ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥"
(੧੧੦੦)

* Assertion



www.AKJ.Org

ਸੁਆਦ ਦਾ ਰੰਗ ਭਰੇਗੀ। ਇਹ ਉਸ ਵਿਚ ਜੀਏਗਾ, ਬਿਗਸੇਗਾ। ਸਾਈਂ ਅਨੰਦ ਰੂਪ ਹੈ, ਇਹ ਅਨੰਦ ਰਹੇਗਾ। ਸੋ ਅਨੰਦ ਤਾਂ ਆ ਗਿਆ। ਹੁਣ ਰਿਹਾ ਕੰਮ ਕਰਨ ਵਿਚ ਉਤਸ਼ਾਹ। ਸਾਈਂ ਸਰਬ ਸਮਰੱਥ ਹੈ। ਉਸ ਦੀ ਸਮਰੱਥਾ ਇਸ ਵਿਚ ਆਵੇਗੀ। ਸਾਈਂ ਨੇ ਜਗਤ ਰਚਿਆ ਹੈ, ਇਹ ਉਸ ਰਚਨਾ ਵਿਚ ਉਸ ਸਾਈਂ ਦੇ ਕੰਮ ਦਾ ਸਾਂਝੀਵਾਲ ਕਾਮਾ ਬਣੇਗਾ। ਸੋ ਇਹ ਗੱਲ ਅਸਾਂ ਖ਼ਾਲਸਾ ਆਦਰਸ਼ ਵਿਚ ਰਖੀ ਹੈ ਕਿ ਅੰਦਰਲਾ ਪਿਆ ਜਾਗ, ਮੌਤ ਤੇ ਪੀੜ ਗਈ ਜਿੱਤੀ, ਹੁਣ ਸਰੀਰ ਜੋ ਸਾਈਂ ਨੇ ਦਿਤਾ, ਉਸ ਨੂੰ ਸਫਲਾ ਕਰੋ। ਸਰੀਰ ਉਸ ਨੇ ਐਵੇਂ ਨਹੀਂ ਦਿਤਾ, ਇਹ ਕਿਸੇ ਕੰਮ ਵਾਸਤੇ ਹੈ। ਇਸ ਦਾ ਕੰਮ ਹੈ 'ਆਤਮ ਉਧਾਰ'। ਤੁਸੀਂ ਉਧਰੇ ਹੋ, ਹੋਰਨਾਂ ਨੂੰ ਉਧਾਰੋ।

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕੀ ਈਰਖਾ ਕਰਦੇ ਹਨ। ਉਹ ਬੇਪਰਵਾਹ ਆਪਣੇ ਰੰਗ ਟੁਰਦੇ ਹਨ, ਨਿਰਵੈਰ ਹੁੰਦੇ ਹਨ; ਪਰ ਲੋਕੀਂ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ। ਇਹਨਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿਤਰ ਜੀਵਨ "ਸੱਚੀ ਜ਼ਿੰਦਗੀ" ਦਿਖਾ ਦੇਂਦੇ ਹਨ। ਫੇਰ ਪੁਰਾਣੇ ਮਰ ਚੁਕੇ ਧਰਮ ਦੇ ਆਗੂ, ਮੁਰਦਾ ਪੁਜਾਰੀ ਤੇ ਪੂਜਾ ਦੇ ਧਾਨ 'ਤੇ ਪਲ ਰਹੇ ਲੋਕੀਂ, ਜਿਨ੍ਹਾਂ ਵਿਚ ਧਰਮ ਦੀ ਅੰਸ ਮੁੱਕ ਚੁਕੀ ਹੁੰਦੀ ਹੈ, ਘਬਰਾਉਂਦੇ ਹਨ, ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ-ਪ੍ਰਸਤੀ ਤੋਂ ਹਟ ਕੇ ਜੀਊਂਦੀ ਜ਼ਿੰਦਗੀ ਵਲ ਪਲਟਾ ਖਾਂਦੀ ਹੈ। ਇਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾਂ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ। ਫੇਰ ਇਹ ਵਕਤ ਦੇ ਹਾਕਮਾਂ ਨੂੰ ਕੋਈ ਨਾ ਕੋਈ ਬੁੱਤਾ, ਧੋਖਾ ਲਾਲਚ ਦੇ ਕੇ ਨਾਲ ਰਲਾਂਦੇ ਹਨ। ਰਾਜਾ ਨਾਲ ਨਾ ਰਲੇ ਤਾਂ ਰਾਜਾ ਨੂੰ ਰਾਜ-ਭੈ ਦਸਦੇ ਹਨ ਕਿ ਇਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ-ਉਪੱਦ੍ਰਵ ਕਰ ਦੇਣ। ਇਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਉਂਦਿਆਂ ਲੋਕਾਂ ਪਰ ਸਖ਼ਤੀ ਕਰਦਾ ਹੈ, ਉਹ ਉਤਰ ਨਹੀਂ ਦੇਂਦੇ, ਝਲਦੇ ਝਲਦੇ ਮਰ ਮਿਟਦੇ ਹਨ, ਐਉਂ ਜੋਤ ਜਗ ਜਗ ਕੇ ਬੁਝਦੀ ਹੈ, ਫੇਰ ਜਗਦੀ ਹੈ, ਫੇਰ ਬੁਝਦੀ ਹੈ। ਖ਼ਾਲਸੇ ਦੇ ਖ਼ਿਆਲ ਵਿਚ, ਖ਼ਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਅੰਦਰ ਜੋਤ ਜਗ ਪਈ, ਤਦ ਹੋਰਨਾਂ ਅੰਦਰ ਜੋਤ ਜਗਾ ਕੇ ਉਹਨਾਂ ਨੂੰ ਖ਼ਾਲਸੇ ਬਣਾਣਾ ਹੈ। ਤੇ ਇਸ ਕੰਮ ਵਿਚ ਉਤਸ਼ਾਹ ਤੇ ਉਮਾਹ ਅੰਦਰਲਾ ਰੱਬੀ ਪਿਆਰ ਵਾਲਾ ਹੋਣਾ ਹੈ। ਜਦੋਂ ਰੋਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ ਹੈ। ਪਰ ਨਿਰਵੈਰ ਰਹਿਣ ਲਈ ਜੰਗਲਾਂ ਵਿਚ ਲੁਕਣਾ ਨਹੀਂ, ਭਜ ਨਹੀਂ ਜਾਣਾ, ਮਰ ਨਹੀਂ ਜਾਣਾ, ਸਗੋਂ ਤਦੋਂ ਨਾਲ 'ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਣਾ; ਭੈ ਦਾ ਸਮਾਂ ਆਵੇ ਤਾਂ ਸੁਰਤਿ ਉੱਚੀ ਹੋ ਕੇ ਦੁਖ ਝੱਲੇ। ਜੇ ਭਰਾਵਾਂ (ਜਾਗ ਪਿਆਂ) ਤੇ ਕਸ਼ਟ ਪਏ ਤਾਂ ਇਹ ਸਰੀਰ ਮਿਥਿਆ ਹੈ, ਉਨ੍ਹਾਂ ਦੀ ਰਾਖੀ 'ਤੇ ਇਹ ਲਾ ਦੇਵੇ। ਇਉਂ ਲੋੜ ਪਏ 'ਤੇ ਸਰੀਰ ਲਾ ਕੇ ਵੀ 'ਰਖਿਆ ਕਰਨ, ਭਲੇ ਕਰਨ ਦਾ ਉਮਾਹ' ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਇਹ ਹੁਲਾਰਾ ਹੁਣ ਖ਼ਾਲਸੇ ਨੇ ਵਰਤਣਾ ਹੈ ਤੇ ਜ਼ੁਲਮ, ਮੂਰਖਤਾ ਤੇ ਅਗਿਆਨ ਦੇ ਅਗੇ ਧਰਮ ਅਤੇ ਧਰਮੀਆਂ ਨੂੰ ਤਬਾਹ ਨਹੀਂ ਹੋਣ ਦੇਣਾ। ਸੋ ਇਹ ਆਦਰਸ਼ ਖ਼ਾਲਸੇ ਨੂੰ ਅਨਿਆਏ ਦੇ ਧੱਕੇ ਕਟਣ ਵਾਸਤੇ ਸ਼ਮਸ਼ੇਰ-ਧਾਰੀ ਬਣਾਂਦਾ ਹੈ।

ਖ਼ਾਲਸੇ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਖ਼ਾਲੀ ਮੁਰਦਾਪਨ ਦਾ ਜੋਗ ਨਹੀਂ ਰਹੇਗਾ, ਪਰ ਸਾਰੇ ਅੰਦਰਲੇ ਮਹਾਂਬਲੀ ਇਸ ਦੇ ਨੌਕਰ ਹੋ ਵਰਤਣਗੇ। ਸਾਹਿਬੀ ਇਨ੍ਹਾਂ ਦੀ ਹੋਵੇਗੀ, ਨੌਕਰੀ ਤਾਕਤਾਂ ਦੀ ਹੋਵੇਗੀ। ਲੋਭ ਰਹੇਗਾ, ਪਰਮੇਸ਼ਰ ਨਾਲ ਲੋਕਾਂ ਨੂੰ ਜੋੜਨ ਦਾ। ਕਾਮ ਕਾਮਨਾ ਰਹੇਗੀ, ਹਰ ਵੇਲੇ ਸਾਈਂ ਨਾਲ ਅੰਤਰ-ਆਤਮੇ ਲਗੇ ਰਹਿਣ ਦੀ। ਕ੍ਰੋਧ ਰਹੇਗਾ, ਆਪੇ ਨੂੰ ਹਰ ਨੀਚਤਾ ਤੋਂ ਉੱਚੇ ਰਖਣ ਦਾ। ਮੋਹ ਰਹੇਗਾ, ਗੁਰੂ ਦੇ



www.AKJ.Org

ਚਰਨਾਂ ਨਾਲ, ਗੁਰਮੁਖ ਨਾਲ, ਸਾਧ ਸੰਗਤ ਨਾਲ, ਜੀਉ ਉਠਿਆਂ ਬੰਦਿਆਂ ਨਾਲ, ਖ਼ਾਲਸੇ ਨਾਲ। ਹੰਕਾਰ ਰਹੇਗਾ, ਅਭੈ ਰਹਿਣ ਦੀ ਉਚਿਆਈ ਵਿਚ, ਅੰਦਰੋਂ ਜੋਤ ਨਾਲੋਂ ਵਿਥ ਨ ਪੈਣ ਵਿਚ, ਸ਼ਬਦ ਨਾਮ ਦੇ ਅਭਿਆਸ ਵਿਚ, ਵਿੱਥ ਨਾ ਪੈਣ ਦੇਣ ਦੀ ਸਾਵਧਾਨਤਾ ਦੇ ਰੂਪ ਵਿਚ ਸਾਵਧਾਨ ਰਹਿਣ ਵਿਚ, ਆਪਣੇ ਮਨ ਉਤੇ ਕਿਸੇ ਦਾ ਮਾੜਾ ਅਸਰ-ਪ੍ਰਭਾਉ ਨਾ ਪੈਣ ਦੇਣ ਵਿਚ, ਜਗਤ ਵਲ ਨੂੰ ਮਨ ਦਾ ਰੁਖ (ਫਨ ਖਿਲਰੇ ਭੁਜੰਗੀ ਵਰਗਾ ਦੁਖ ਦੇਣ ਵਾਲਾ ਨਾ, ਪਰ) ਕਿਸੇ ਦੇ ਅਸਰ ਹੇਠ ਆ ਕੇ ਉਸ ਅਗੇ ਮਨ ਨੂੰ ਮਫ਼ਊਲੀਅਤ ਦੀ ਹਾਲਤ ਵਿਚ ਨਾ ਲੈ ਜਾਣ ਵਾਲਾ ਰੁਖ, ਸਦਾ ਸਾਖੀ ਤੇ ਫ਼ਾਇਲੀਅਤ ਦੇ ਰੁਖ* ਵਿਚ ਰਹਿਣੇ ਦਾ। ਸੋ ਡੱਲਿਆ... ...

ਡੱਲਾ—ਮਹਾਰਾਜ! ਬੁੱਧ ਮੋਟੀ ਤੇ ਠੁਲ੍ਹੀ ਹੈ।

ਗੁਰੂ ਜੀ—ਸੌਖੀ ਕਰ ਦਸਾਂਗੇ। ਸੋ ਡੱਲਿਆ! ਖ਼ਾਲਸਾ ਅੰਦਰੋਂ ਜੋਤ ਨਾਲ ਲੱਗਾ ਰਹੇ, ਇਹ ਤੂੰ ਸਮਝੀਂ। ਫੇਰ ਹੋਰਨਾਂ ਦੇ ਘਟ ਜੋਤ ਜਗਾਵੇ, ਇਹ ਤੂੰ ਸਮਝੀਂ। ਤੇ ਤੀਸਰੀ ਗੱਲ ਇਹ ਹੈ ਕਿ ਜਗਤ ਨਾਲ ਨਿਰਵੈਰ ਰਹੇ, ਪਰ ਨਿਰਭਉ ਜ਼ਰੂਰ ਰਹੇ। ਨਿਰਭਉ ਰਹਿਣ ਵਾਲੇ ਨੂੰ ਜੰਗ ਤਕ ਨੌਬਤ ਜ਼ਰੂਰ ਪੁਜ ਜਾਂਦੀ ਹੈ। ਸੋ ਜੇ ਯੁੱਧ ਆ ਪਵੇ ਤਾਂ ਆ ਪਵੇ, ਮੌਤ ਤੇ ਪੀੜ ਨੂੰ ਜਿੱਤ ਚੁਕੇ ਜੋਗੀ ਸੂਰਮੇ ਬਣਦੇ ਹਨ। ਉਨ੍ਹਾਂ ਦੀ ਸੂਰਮਤਾਈ ਜਗਤ ਤੋਂ ਨਿਰਾਲੀ ਹੁੰਦੀ ਹੈ। ਉਹ ਕੰਮ ਕਰਦੇ ਹਨ ਆਪਣੇ ਵਾਹਿਗੁਰੂ ਦੀ ਪ੍ਰਸੰਨਤਾ ਦੇ ਉਤਸ਼ਾਹ ਵਿਚ। ਜੋ ਕਰਦੇ ਹਨ, ਉਸ ਨੂੰ ਅਰਪਦੇ ਹਨ। ਉਹ ਆਪਣੇ ਨਿਜ ਦੇ, ਗ੍ਰਹਿਸਤ ਦੇ, ਪਰਵਾਰ ਦੇ, ਕੌਮ ਦੇ, ਦੇਸ ਦੇ ਤੇ ਸ੍ਰਿਸ਼ਟੀ ਦੇ ਸਾਰੇ ਕੰਮ ਕਰਦੇ ਹਨ, ਪਰ ਅੰਦਰੋਂ ਹਰ ਵੇਲੇ ਅਨੰਤ ਨਾਲ ਵਾਹਿਗੁਰੂ ਨਾਲ ਲਗੇ ਰਹਿੰਦੇ ਹਨ। ਅੰਤਰ-ਆਤਮੇ ਵਾਹਿਗੁਰੂ ਤੋਂ ਸਾਕਤ ਹੋ ਕੇ, ਵਿਛੜ ਕੇ ਉਹ ਕੋਈ ਕੰਮ ਨਹੀਂ ਕਰਦੇ, ਜਿਵੇਂ ਬੱਚਾ ਮਾਂ ਦੀ ਗੋਦ ਵਿਚ ਬੈਠਾ ਹੱਸਦਾ, ਖੇਲਦਾ, ਖਾਂਦਾ, ਪੀਂਦਾ ਉਛਲਦਾ ਹੈ, ਪਰ ਗੋਦੋਂ ਵਿਛੜ ਕੇ ਰੋਂਦਾ ਤੇ ਘਬਰਾਂਦਾ ਹੈ, ਗੋਦੀ ਦੇ ਬਾਲ ਵਾਂਗੂ ਉਹ ਜਗਤ ਦੇ ਸਾਰੇ ਕੰਮ ਡਾਢੀ ਸੂਰਮਤਾਈ ਨਾਲ, ਬਲ ਨਾਲ, ਉਤਸ਼ਾਹ ਨਾਲ ਕਰਦੇ ਹਨ। ਕੰਮ ਕਰਦੇ ਹਨ, ਪਰ ਸਾਕਤ ਨਹੀਂ ਹੁੰਦੇ, ਲਿਵ, ਲਗਨ, ਲਗਾਉ ਵਿਚ ਰ'ਹ ਕੇ ਕਰਦੇ ਹਨ।

ਤੇਰੇ ਭਰਾ ਬੜੇ ਸੂਰਮੇ ਹਨ, ਪਰ ਖ਼ਾਲਸੇ ਵਰਗੇ ਨਹੀਂ। ਉਹ ਕਿਸੇ ਲੋਭ ਲਈ ਲੜਨਗੇ, ਕਿਸੇ ਭੈ ਪਿਆਂ ਲੜਨਗੇ, ਕਿਸੇ ਰਾਖੀ ਲਈ ਜੂਝਣਗੇ। ਜਦੋਂ ਆਪਣੇ ਤੋਂ ਬਲ ਵਧੇਰਾ ਪੈ ਜਾਏਗਾ, ਹਾਰ ਮੰਨ ਜਾਣਗੇ। ਜਦੋਂ ਜਿੱਤ ਜਾਣਗੇ, ਹੰਕਾਰ ਦੇ ਗੱਡੇ ਚੜ੍ਹ ਜਾਣਗੇ। ਫੇਰ ਉਹੋ ਜ਼ੁਲਮ, ਧੱਕੇ, ਵਧੀਕੀਆਂ ਆਪ ਕਰਨਗੇ ਜਿਨ੍ਹਾਂ ਲਈ ਉਨ੍ਹਾਂ ਵੈਰੀ ਨੂੰ ਮਾਰਿਆ ਸੀ। ਫੇਰ ਉਹ ਜਗਤ-ਨਿਆਉਂ ਵਿਚ ਆਪ ਮਾਰੇ ਜਾਣ ਦੇ ਜੋਗ ਬਣ ਜਾਣਗੇ। ਜੇ ਡੱਲਿਆ! ਉਹ ਹਾਰ ਜਾਣਗੇ ਤਾਂ ਜਿੱਤੇ ਹੋਏ ਵੈਰੀ ਦੇ ਅਗੇ ਆਪਣਾ ਮਨ ਵੀ ਹਾਰ ਦੇਣਗੇ, ਸੁਰਤਿ ਤੇ ਰੂਹ ਵੀ ਤਬਾਹ ਕਰ ਬੈਠਣਗੇ। ਮਨ ਗ਼ੁਲਾਮੀ ਵਿਚ, ਸਰੀਰ ਗ਼ੁਲਾਮੀ ਵਿਚ ਟੁਰ ਜਾਏਗਾ। ਐਉਂ ਉਹ ਆਪ ਤੇ ਉਨ੍ਹਾਂ ਤੋਂ ਬਣੀ ਕੌਮ ਮੁਰਦਾਰ ਹੋ ਜਾਏਗੀ।

ਹਾਂ, ਡੱਲਿਆ! ਹੰਕਾਰ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਵੀ ਹੋ ਜਾਂਦਾ ਹੈ। ਪਰ ਨਿਰੇ ਹੰਕਾਰ ਦੇ ਆਸਰੇ ਵਾਲਿਆਂ ਨੂੰ ਤ੍ਰੈ ਡਰ ਹਨ —— (੧) ਜਦੋਂ ਆਪਣੇ ਤੋਂ ਵੱਡੇ ਹੰਕਾਰੀ, ਵੱਡੇ ਬਲ ਵਾਲੇ ਤੇ ਵੱਡੇ ਜੱਥੇਬੰਦ ਨਾਲ ਟਕਰਨਗੇ, ਤਦ ਹਾਰ ਜਾਣਗੇ। (੨) ਹਾਰ ਕੇ, ਦੇਸ, ਧਨ ਧਾਮ ਦੇਂਦੇ ਹੋਏ ਮਨ ਕਰਕੇ ਗ਼ੁਲਾਮ ਹੋ ਜਾਣਗੇ ਤੇ ਅੰਤ ਮੁਰਦੇਹਾਣ ਵਰਤੇਗੀ। (੩) ਜੇ ਜਿੱਤ ਗਏ ਤਾਂ ਆਪ ਜ਼ਾਲਮ, ਧੱਕੇ-ਖ਼ੋਰ ਬਣਨਗੇ; ਧੱਕੇ ਨਾਲ ਧਨ 'ਕਠਾ ਕਰ ਕੇ ਧਨੀ ਬਣਨਗੇ, ਧਨੀ ਹੋ ਕੇ ਐਸ਼ ਵਿਚ ਪੈਣਗੇ, ਐਸ਼ ਤੋਂ ਨਿਰਬਲ ਹੋ ਜਾਣਗੇ, ਨਿਰਬਲ ਹੋ ਕੇ ਫੇਰ ਮਨ ਆ-ਸ਼ਕਤ ਤੇ ਮੁਰਦਾ ਹੋ ਕੇ ਸਰੀਰ, ਮਨ ਤੇ ਆਤਮਾ ਦਾ ਬਲ ਖੀਨ ਹੋ ਜਾਏਗਾ। ਚੌਥਾ ਉਨ੍ਹਾਂ ਦਾ ਇਕ, ਨਿਸਚੇ ਨੁਕਸਾਨ ਹੋਵੇਗਾ ਕਿ ਉਹ

* Subjective attitude.



www.AKJ.Org

ਪਰਲੋਕ ਗੁਆ ਲੈਣਗੇ। ਗੁਰੂ ਬਾਬੇ ਨੇ ਦਸਿਆ ਹੈ:—

ਸੂਰੇ ਏਹਿ ਨ ਆਖੀਅਹਿ
ਅਹੰਕਾਰ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ
ਦੂਜੈ ਪਚਿ ਜਾਵਹਿ ॥
ਅਤਿ ਕਰੋਧ ਸਿਉ ਲੂਝਦੇ
ਅਗੈ ਪਿਛੈ ਦੁਖੁ ਪਾਵਹਿ ॥
ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ
ਮਰ ਜਨਮਹਿ ਫਿਰਿ ਆਵਹਿ ॥*

ਸੋ ਨਿਰਾ ਹੰਕਾਰੀ ਜਿਤੇ ਚਾਹੇ ਹਾਰੇ, ਮਰ ਕੇ ਸੁਖੀ ਨਹੀਂ ਹੋ ਸਕਦਾ। ਇਸ ਲਈ ਨਿਰਾ ਹੰਕਾਰੀ ਸੂਰਮਾ ਆਦਰਸ਼ਕ ਸੂਰਮਾ ਨਹੀਂ ਹੈ।

ਖ਼ਾਲਸਾ ਅੰਦਰੋਂ ਜੋਤ ਜਗੀ, ਸਦਾ ਜਾਗਦੀ ਜੋਤ ਨੂੰ ਜਪਦਾ, ਹੰਕਾਰ ਤੋਂ ਉਠ, ਚੜ੍ਹਦੀਆਂ ਕਲਾਂ ਵਿਚ ਵਸਦਾ ਹੈ। ਸਾਰੇ ਕੰਮ ਵੀ ਕਰਦਾ ਹੈ ਤੇ ਜੰਗ ਵਿਚ ਵੀ ਜਾ ਘੁਸਦਾ ਹੈ। ਨਾ ਤਿਆਗੀ ਵਾਂਗੂ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ, ਨਾ ਹੰਕਾਰੀ ਵਾਂਗੂ ਜ਼ੋਰ-ਜ਼ੁਲਮ ਕਮਾਂਦਾ ਹੈ। ਉਹ ਜੰਗ ਵਿਚ ਜਾਂਦਾ ਹੈ, ਪਰ ਉਹ ਜੰਗ ਵਿਚ ਵੀ ਖੇਡੇਗਾ, ਉਹ ਧਰਮ ਪਿਛੇ, ਨੇਕੀ ਪਿਛੇ, ਉਪਕਾਰ ਪਿਛੇ ਯੁਧ ਵਿਚ ਜਾਏਗਾ, ਫਿਰ ਉਹ ਜਿੱਤ ਲਈ ਨਹੀਂ ਲੜੇਗਾ, ਉਹ... ...

ਡੱਲਾ—ਤੇ ਜੀ! ਫੇਰ ਉਹ ਕਾਹਦੇ ਲਈ ਲੜੇਗਾ? ਬਾਵਰਾ ਤਾਂ ਨਹੀਂ, ਐਵੇਂ ਲੜੇਗਾ?

ਗੁਰੂ ਜੀ—(ਮੁਸਕ੍ਰਾ ਕੇ) ਉਹ ਜਾਣਦਾ ਹੈ, ਵਾਹਿਗੁਰੂ ਸਭ ਤੋਂ ਬਲੀ ਹੈ ਤੇ ਜਿੱਤ ਉਸ ਦੀ ਹੈ ਜੋ ਸਭ ਤੋਂ ਬਲੀ ਹੈ। ਸੋ ਜਿੱਤ ਸਦਾ ਰੱਬ ਦੀ ਹੈ ਤੇ ਅਸੀਂ ਤੈਨੂੰ ਦਸ ਆਏ ਹਾਂ ਕਿ ਖ਼ਾਲਸਾ ਉਹ ਹੈ ਜੋ ਵਾਹਿਗੁਰੂ ਦਾ ਹੋ ਚੁਕਾ ਹੈ। ਸੋ ਖਾਲਸਾ ਵਾਹਿਗੁਰੂ ਦਾ ਹੈ, ਵਾਹਿਗੁਰੂ ਦਾ ਖ਼ਾਲਸਾ ਜਾਣਦਾ ਹੈ ਕਿ ਜਿੱਤ ਸਦਾ ਵਾਹਿਗੁਰੂ ਦੀ ਹੈ, ਉਹ ਸਭ ਤੋਂ ਬਲੀ ਜੁ ਹੋਇਆ। ਹੁਣ ਤੂੰ ਸਮਝ ਲੈ ਕਿ ਖ਼ਾਲਸਾ ਵੀ ਵਾਹਿਗੁਰੂ ਦਾ ਤੇ ਜਿੱਤ ਵੀ ਵਾਹਿਗੁਰੂ ਦੀ। ਤਦ ਜਿੱਤ ਤੇ ਖ਼ਾਲਸਾ ਆਪੋ ਵਿਚ ਇਕ ਮਾਲਕ ਇਕ ਪਿਤਾ ਦੇ ਹੋਏ। ਸੋ ਜਿੱਤ ਖ਼ਾਲਸੇ ਦੀ ਹੋਈ, ਇਸ ਕਰਕੇ ਖ਼ਾਲਸਾ ਜਿੱਤ ਲਈ ਨਹੀਂ ਲੜਦਾ। ਖ਼ਾਲਸਾ ਜਾਣਦਾ ਹੈ ਜਿੱਤ ਮੇਰੇ ਵਾਹਿਗੁਰੂ ਦੀ ਹੈ ਤੇ ਮੈਂ ਵਾਹਿਗੁਰੂ ਦਾ ਹਾਂ, ਜਿੱਤ ਤਾਂ ਮੇਰਾ ਵਿਰਸਾ ਹੈ। ਮੈਂ ਜਿੱਤਣਾ ਹੈ ਤਾਂ ਉਸ ਅਮਿਤ ਬਲ ਨਾਲ, ਜੋ ਮੇਰਾ ਨਹੀਂ, ਪਰ ਅੰਦਰੋਂ ਨਾਲ ਲਗੇ ਰਹਿਣ ਕਰਕੇ ਸਾਈਂ ਵਿਚੋਂ ਮੇਰੇ ਵਿਚ ਆਉਂਦਾ ਹੈ। ਜਿੱਤ ਉਹਦੀ, ਜਿਸ ਦਾ ਬਲ ਮੇਰੇ ਵਿਚ ਆ ਰਿਹਾ ਹੈ। ਸੋ ਖ਼ਾਲਸਾ ਲੜਦਾ ਹੈ ਅਸੂਲ ਲਈ, ਸੱਚ ਲਈ। ਸੱਚ ਤੇ ਅਸੂਲ ਜਦ ਜਗਤ ਦੇ ਜ਼ੁਲਮ ਨਾਲ ਤਬਾਹ ਹੋਣ ਲਗੇ, ਤਦ ਖ਼ਾਲਸੇ ਦਾ ਨੇਮ ਹੈ ਕਿ ਬੀਰਤਾ ਨਾਲ ਉਸ ਨੂੰ ਬਚਾਵੇ। ਜਗਤ ਦੇ ਜ਼ੁਲਮ ਅਗੇ ਆਪਣਾ ਖ਼ੂਬਸੂਰਤ ਆਪਾ ਲੰਮਾ ਨਾ ਪਾ ਦੇਵੇ, ਪਰ ਬੀਰਤਾ ਨਾਲ ਜ਼ੁਲਮ ਨੂੰ ਕੱਟ ਸੁਟੇ।

ਡੱਲਾ—ਮਹਾਰਾਜ ਜੀ! ਮੈਂ ਮੂਰਖ ਨੇ ਤਾਂ ਇਹ ਡਿੱਠਾ ਹੈ ਕਿ ਜੋ ਜੋਗੀ ਬਣੇ, ਵਿਰਾਗੀ ਬਣੇ ਉਹ ਫੇਰ ਲੁਕ ਹੀ ਗਏ, ਤੇ ਜੋ 'ਲੈ ਲੈਣ' ਵਲ ਲਗੇ ਉਹ ਜਰਵਾਣੇ, ਡਾਕੂ, ਪਠਾਣਾਂ ਮੁਗਲਾਂ ਵਰਗੇ ਜ਼ਾਲਮ ਹਾਕਮ ਬਣੇ। ਜੋਗੀਆਂ ਨੇ ਕਦੇ ਜ਼ਾਲਮਾ ਦਾ ਮੂੰਹ ਨਾ ਮੋੜਿਆ ਤੇ ਜ਼ਾਲਮਾਂ ਕਦੇ ਸੁਖ ਨਾਂ ਵਰਤਾਈ, ਨਿਆਂ ਨਾ ਕੀਤਾ।

ਗੁਰੂ ਜੀ—ਖਾਲਸਾ ਸੋ ਜੋ ਅੰਦਰੋਂ ਜੋਗੀ ਹੋਵੇ, ਜੋਗ 'ਨਾਮ' ਤੇ 'ਬਾਣੀ' ਦਾ। ਖ਼ਾਲਸਾ ਸੋ ਜੋ ਜ਼ਾਲਮ ਦੀ ਇੱਟ ਆਵੇ ਤਾਂ ਪੱਥਰ ਨਾਲ ਉਸ ਦੀ ਇੱਟ ਭੰਨ ਦੇਵੇ। ਆਪੇ ਤੇ ਫ਼ਤਹਯਾਬ ਹੋਵੇ, ਮੌਤ ਨੂੰ ਤੁੱਛ ਸਮਝ ਕੇ ਡਰੇ ਨਾ, ਪਰ ਅੰਦਰਲੇ ਉਮਾਹ ਨਾਲ ਦੇਹੀ ਨੂੰ ਸਫ਼ਲਾ ਕਰੇ। ਹਰ ਇਕ ਸਿਖ ਜੋਤ ਜਗੀ ਵਾਲਾ, ਇਕ ਦੀ ਅੰਦਰੋਂ ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖਾਲਸਾ ਹੈ। ਐਸੇ ਸਾਰੇ ਸਿਖਾਂ ਦਾ ਇਕੱਠ 'ਖ਼ਾਲਸਾ' ਹੈ।

* ਮਾਰੂ ਵਾਰ ਮ: ੩, ਪੰਨਾ ੧੦੮੯



www.AKJ.Org

ਗੁਰੂ ਵੀ ਖਾਲਸਾ ਹੈ, ਖਾਲਸਾ ਵੀ ਗੁਰੂ ਹੈ, ਖਾਲਸਾ ਰੱਬ ਦੀ ਗੋਦ ਵਿਚ ਖੇਲ ਰਿਹਾ ਇਕ ਰੂਹਾਨੀ ਖ਼ਿਆਲ—ਧਿਆਨ ਹੈ, ਆਦਰਸ਼ ਹੈ, ਜਿਸ ਉਤੇ ਹਰ ਸਿਖ ਦਾ ਖ਼ਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖਿਆਲ ਚਾਨਣ-ਮੁਨਾਰੇ* ਦੇ ਦੀਵੇ ਤੇ ਟਿਕਦਾ ਹੈ। ਖਾਲਸਾ ਉਹ ਨਮੂਨਾ ਹੈ, ਜਿਸ ਉਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ।

ਡੱਲਾ–ਮੈਂ ਮੂਰਖ ਨੂੰ ਮੋਟੀ ਜਿਹੀ ਗੱਲ ਦਸੋ, ਜੇ ਖਾਲਸਾ ਹਾਰ ਜਾਏ ਤਾਂ ਰਬ ਦੀ ਹਾਰ ?

ਗੁਰੂ ਜੀ–ਨਹੀਂ ਸੁਹਣਿਆ ! ਵਾਹਿਗੁਰੂ ਦੀ ਹਾਰ ਕਦੇ ਨਹੀਂ। ਜਿਸ ਨੂੰ ਤੂੰ ਹਾਰ ਕਹਿੰਦਾ ਹੈਂ ਉਹ ਵੀ ਜਿਤ ਹੁੰਦੀ ਹੈ। ਇਹੋ ਤਾਂ ਖਾਲਸੇ ਦਾ ਮਨ ਨੀਵਾਂ ਹੈ ਤੇ ਮਨ ਉੱਚੀ ਮੱਤ ਦੇ ਵਸ ਵਿਚ ਹੈ ਤੇ ਉਹ ਮੱਤ ਵਾਹਿਗੁਰੂ ਦੀ ਰਖਵਾਲੀ ਵਿਚ ਟੁਰਦੀ ਹੈ ਤੇ ਦਸਦੀ ਹੈ ਕਿ ਜੋ ਹਾਰ ਹੈ, ਇਸ ਦਾ ਫਲ ਜਿੱਤ ਨਿਕਲੇਗਾ। ਵਾਹਿਗੁਰੂ ਨੇ ਭਾਣਾ ਵਰਤਾਇਆ ਹੈ, ਸਾਡੀ ਸਮਝ ਸਮਝਦੀ ਨਹੀਂ; ਇਸ ਦਾ ਫਲ ਅੱਜ ਉਹ ਜਿੱਤ ਨਹੀਂ ਸੀ, ਜੋ ਅਸੀਂ ਜਿੱਤ ਸਮਝਦੇ ਹਾਂ, ਇਸ ਦਾ ਫਲ ਅਗੇ ਚਲ ਕੇ ਜਿੱਤ ਹੈ। ਜਿਨ੍ਹਾਂ ਸਾਡੇ ਨਾਲ ਜੂਝਣ ਵਾਲਿਆਂ ਅੱਜ ਜਿੱਤ ਮਨਾਈ ਹੈ, ਇਹ ਜਿੱਤ ਉਨ੍ਹਾਂ ਦੀ ਹਾਰ ਦੀ ਨੀਂਹ ਪੱਟ ਗਈ ਹੈ। ਖਾਲਸਾ ਕਦੇ ਨਹੀਂ ਹਾਰੇਗਾ। ਜਿਸ ਦਿਨ ਨਾਮ ਨਾਲ ਪ੍ਰੀਤ ਛਡੇਗਾ, ਗੁਰਬਾਣੀ ਦਾ ਇਲਹਾਮ‡ ਇਸਦੇ ਅੰਦਰ ਨਾ ਰਹੇਗਾ, ਜੋਤ ਨਾਲੋਂ ਵਿੱਥ ਕਰ ਜਾਏਗਾ, ਤਦੋਂ ਫੇਰ ਜੋ ਚੁਰਾਸੀ ਦੇ ਭਾਗ ਹੁੰਦੇ ਹਨ, ਭੋਗੇਗਾ। ਜਦ ਤਕ ਪੂਰਨ ਜੋਤ ਨੂੰ ਜਪਦਾ ਹੈ, ਬਾਣੀ ਦੀ ਗ਼ਜ਼ਾ 'ਤੇ ਮਨ ਨੂੰ ਪਾਲਦਾ ਹੈ, ਨਿਰਵੈਰ ਹੈ, ਭੈ ਦੇਂਦਾ ਨਹੀਂ, ਪਰ ਭੈ ਮੰਨਦਾ ਨਹੀਂ, ਤਦ ਤਕ ਕੌਣ ਹਰਾਣ ਵਾਲਾ ਜੰਮਿਆ ਹੈ ? ਇਹੋ ਜੀਵਨ ਹੀ ਜਿੱਤ ਹੈ ਤੇ ਇਸ ਜੀਵਨ ਵਾਲਾ ਜਿਸ ਸੰਗਰਾਮ ਵਿਚ ਡਟੇਗਾ ਉਹ ਜਿੱਤੇਗਾ, ਕਦੇ ਕਿਵੇਂ, ਕਦੇ ਕਿਵੇਂ।

ਤੂੰ ਸਮਝਦਾ ਹੈਂ, ਪਹਾੜੀਏ ਰਾਜੇ ਜਿੱਤੇ ਹਨ, ਖਾਲਸਾ ਸਮਝਦਾ ਹੈ ਕਿ ਗੁਲਾਮੀ ਦਾ ਤੌਕ ਉਨ੍ਹਾਂ ਨੇ ਆਪਣੇ ਗਲੇ ਪੀਡਾ ਕਰ ਲਿਆ ਹੈ। ਤੂੰ ਸਮਝਦਾ ਹੈਂ ਤੁਰਕਾਂ ਫ਼ਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਉਨ੍ਹਾਂ ਆਪਣੀਆਂ ਜੜ੍ਹਾਂ 'ਤੇ ਕੁਹਾੜਾ ਆਪ ਮਾਰਿਆ ਹੈ। ਤੂੰ ਸਮਝਦਾ ਹੈਂ ਚਾਰ ਸਾਹਿਬਜ਼ਾਦੇ ਮਾਰੇ ਗਏ ਹਨ, ਖਾਲਸਾ ਸਮਝਦਾ ਹੈ ਉਨ੍ਹਾਂ ਦੇ ਲਹੂ ਦੀ ਬੂੰਦ ਬੂੰਦ ਤੋਂ 'ਸਦਾ ਖਾਲਸਾ ਫਲ' ਦੇਣ ਵਾਲੇ ਬ੍ਰਿਛ ਉਗ ਪਏ ਹਨ। ਤੂੰ ਸਮਝਦਾ ਹੈਂ ਮੁਗਲਾਂ ਨੇ ਖਾਲਸੇ ਤੇ ਫ਼ਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਮੁਗਲ ਰਾਜ ਦੀ ਜੜ੍ਹ ਕੱਟੀ ਗਈ ਹੈ। ਜੜ੍ਹ ਕਟ ਜਾਣੀ ਫ਼ਤਹ ਹੈ। ਹੁਣ ਕਿਸੇ ਬੁੱਲੇ ਨੇ ਇਸ ਨੂੰ ਡੇਗ ਘਤਣਾ ਹੈ। 'ਸਾਈਂ ਨਾਲ ਜੁੜਿਆਂ ਨਾਲ' ਲੜ ਕੇ ਮੁਗਲਾਂ ਦੀ ਜੜ੍ਹ ਮੇਖ ਤਰੁੱਟ ਗਈ ਹੈ। ਖਾਲਸੇ ਦਾ ਯੁੱਧ ਧਰਮ-ਰਖਿਆ ਲਈ ਸੀ; ਧਰਮ ਪੱਕਾ ਹੋ ਗਿਆ, ਝਾੜ ਝਾੜ ਤੋਂ ਖਾਲਸਾ ਉਗਮੇਗਾ। ਤੇਰੇ ਵਰਗੇ ਖ਼ਾਲਸੇ ਸਜਣਗੇ। ਜਿਸ ਖਾਲਸੇ ਨੂੰ ਵਜੀਦਾ ਮੁਕੱਾ ਗਿਆ ਹੈ ਉਹ ਖਾਲਸਾ ਅਨੰਦਪੁਰ ਨਾਲੋਂ ਵਧੇਰੇ ਵਧ ਰਿਹਾ ਹੈ। ਜ਼ਾਲਮ ਸਰਹਿੰਦ ਦੀ ਇਟੱ ਨਾਲ ਇਟੱ ਖੜਕੇਗੀ, ਦਿਲੀ ਵਿਚ ਜ਼ਾਲਮ ਮੁਗਲ ਅੰਨ ਮੰਗਦੇ ਦਿਸਣਗੇ, ਤਖ਼ਤ ਤਾਜ, ਹੁਕਮ-ਹਾਸਲ ਸੁਪਨਾ ਹੋ ਜਾਣਗੇ।

["ਖੁਲ੍ਹੇ ਘੁੰਡ" ਪੁਸਤਕ ਵਿਚੋਂ ਧੰਨਵਾਦ ਸਹਿਤ

* Light house.

‡ Inspiration.

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਦੇਵੋ ਜੀ।*
*ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*

*ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਡਾਕ ਰਾਹੀਂ ਮੰਗਾਣ ਲਈ ੧।੨੫ ਭੇਜੋ।*



www.AKJ.Org

# ਇਕ ਸੱਚੀ ਵਾਰਤਾ

[ਵਲੋਂ—ਗਿਆਨੀ ਦੀਦਾਰ ਸਿੰਘ ਜੀ, ਰੂਪ ਨਗਰ]

ਇਕ ਪਠਾਣ ਜਰਨੈਲ ਅਤੇ ਇਕ ਗੁਰਸਿਖ ਫ਼ੌਜੀ ਲਾਂਗਰੀ ਵਿਚ ਹੋਏ ਬਹਾਦਰਾਨਾ ਮੁਕਾਬਲੇ ਦੀ ਇਹ ਇਕ ਸੱਚੀ ਵਾਰਤਾ ਹੈ, ਜੋ ਇਕ ਅੰਗਰੇਜ਼ ਲਿਖਾਰੀ "ਮੂਰ ਕਰਾਫ਼ਟ" ਦੀ ਅੱਖੀਂ ਡਿਠੀ ਗਵਾਹੀ ਤੇ ਲਿਖਤ ਹੈ। ਇਹ ਅੰਗਰੇਜ਼ ਉਸ ਵੇਲੇ ਉਸ ਪਿੜ ਦਾ ਰੈਫ਼ਰੀ ਸੀ। ਅਤੇ ਇਹ ਵਾਰਤਾ ਉਸ ਵੇਲੇ ਕਈ ਅਖ਼ਬਾਰਾਂ ਵਿਚ ਛਪੀ ਸੀ।

ਸੰਸਾਰ ਦਾ ਦੂਸਰਾ ਮਹਾਨ ਯੁਧ ੧੯੩੯ ਤੋਂ ੧੯੪੫ ਤਕ ਹੋਇਆ ਸੀ। ਉਸ ਸਮੇਂ ਸਾਡਾ ਭਾਰਤ ਦੇਸ਼ ਅੰਗਰੇਜ਼ਾਂ ਦਾ ਗ਼ੁਲਾਮ ਸੀ। ਇਸ ਮਹਾਨ ਯੁਧ ਵਿਚ ਅੰਗਰੇਜ਼ ਸਰਕਾਰ ਅਤੇ ਇਸ ਦੇ ਹਿਮਾਇਤੀ ਇਕ ਪਾਸੇ ਸਨ ਅਤੇ ਦੂਜੇ ਪਾਸੇ ਜਰਮਨ ਸਰਕਾਰ ਤੇ ਉਸ ਦੇ ਪਖੀ ਸਨ। ਸਾਡੀਆਂ ਭਾਰਤੀ ਫ਼ੌਜਾਂ ਨੂੰ ਵੀ ਜਰਮਨ ਵਿਰੁਧ ਲੜਨ ਲਈ ਭੇਜਿਆ ਗਿਆ ਸੀ।

ਜਦ ਅੰਗਰੇਜ਼ ਜਿਤ ਗਏ ਤਾਂ ਕੁਝ ਪੰਜਾਬੀ ਫ਼ੌਜਾਂ ਨੂੰ ਮਿਡਲ ਈਸਟ ਤੋਂ ਭਾਰਤ ਲਈ ਖ਼ੁਸ਼ਕੀ ਦੇ ਰਸਤੇ ਵਾਪਸ ਭੇਜਿਆ ਗਿਆ। ਅਫ਼ਗ਼ਾਨਿਸਤਾਨ ਆਦਿ ਤੋਂ ਹੁੰਦੇ ਹੋਏ ਜਦ ਇਹ ਪੰਜਾਬੀ ਰਜਮੈਂਟ ਜਮਰੋਦ ਦੇ ਮੈਦਾਨ ਵਿਚ ਪੁਜੀ ਤਾਂ ਸਿਖ ਸਿਪਾਹੀਆਂ ਦੀ ਬੇਨਤੀ ਕਰਨ ਤੇ ਅੰਗਰੇਜ਼ ਕਮਾਂਡਰ ਨੇ ਇਕ ਦਿਨ ਇਥੇ ਪੜਾਅ ਕਰਨ ਲਈ ਆਗਿਆ ਦੇ ਦਿਤੀ। ਇਸ ਤਰ੍ਹਾਂ ਸਿਖ ਫ਼ੌਜੀਆਂ ਨੂੰ ਆਪਣੇ ਮਹਾਨ ਯੋਧੇ ਜਰਨੈਲ ਹਰੀ ਸਿੰਘ ਨਲਵੇ ਦਾ ਅਸਥਾਨ ਵੇਖਣ ਦਾ ਮੌਕਾ ਮਿਲ ਗਿਆ।

ਬਾਹਰ ਮੈਦਾਨ ਵਿਚ ਕੈਂਪ ਲਗ ਗਏ। ਫ਼ੌਜੀ ਜਵਾਨਾਂ ਨੇ ਨੇੜੇ ਤੇੜੇ ਦੇ ਇਲਾਕੇ ਅਤੇ ਹੋਰ ਬਸਤੀਆਂ ਨੂੰ ਆਪਣੀ ਰੁਚੀ ਅਨੁਸਾਰ ਖ਼ੂਬ ਘੁੰਮ ਫਿਰ ਕੇ ਵੇਖਿਆ। ਉਸ ਇਲਾਕੇ ਦੇ ਇਕ ਪਠਾਣ ਜਰਨੈਲ ਖ਼ਾਨ ਅਬਦੁਲ ਕਿਊਮ ਖ਼ਾਂ ਦੇ ਘਰ ਵਾਲੀ ਨੇ ਆਪਣੇ ਕੋਠੇ ਉਤੇ ਚੜ੍ਹਦਿਆਂ ਉਤਰਦਿਆਂ ਪਹਿਲੀ ਵਾਰ ਜਦ ਇਸ ਤਰ੍ਹਾਂ ਦੀ ਸ਼ਕਲ ਸੂਰਤ ਦਾੜ੍ਹੀਆਂ ਤੇ ਚੌੜੀਆਂ ਛਾਤੀਆਂ ਵਾਲੇ ਸਰਦਾਰਾਂ ਨੂੰ ਵੇਖਿਆ ਤਾਂ ਜਿਥੇ ਉਹ ਬੜੀ ਹੈਰਾਨ ਹੋਈ ਉਥੇ ਉਹ ਕੁਝ ਘਬਰਾਈ ਵੀ।

ਉਸ ਦਾ ਪਤੀ ਖ਼ਾਨ ਜਦ ਸ਼ਿਕਾਰ ਖੇਡ ਕੇ ਬਾਹਰੋਂ ਵਾਪਸ ਮੁੜਿਆ ਤਾਂ ਉਸ ਨੇ ਆਪਣੀ ਬੀਵੀ ਦਾ ਚੇਹਰਾ ਉਤਰਿਆ ਹੋਇਆ ਵੇਖ ਕੇ ਉਸ ਤੋਂ ਕਾਰਨ ਪੁਛਿਆ। ਉਸ ਦੀ ਪਤਨੀ ਨੇ ਖ਼ਾਨ ਤੋਂ ਇਨ੍ਹਾਂ ਕੇਸ ਦਾੜ੍ਹੀਆਂ ਵਾਲਿਆਂ ਬਾਰੇ ਪੁਛਿਆ ਕਿ ਇਹ ਕੌਣ ਲੋਕ ਹਨ? ਕਿਥੋਂ ਅਤੇ ਕਿਉਂ ਆਏ ਹਨ? ਖ਼ਾਨ ਨੇ ਆਪਣੀ ਬੀਵੀ ਨੂੰ ਸਿੰਘਾਂ ਦੀ ਬਹਾਦਰੀ, ਉਨ੍ਹਾਂ ਦੀ ਦਲੇਰੀ ਬਾਰੇ ਉਸੇ ਤਰ੍ਹਾਂ ਸ਼ਾਨ ਨਾਲ ਦਸਿਆ ਜਿਸ ਤਰ੍ਹਾਂ ਇਕ ਬਹਾਦਰ ਦੂਜੇ ਬਹਾਦਰਾਂ ਬਾਰੇ ਦਸਦਾ ਹੁੰਦਾ ਹੈ।

ਪਾਕਿਸਤਾਨ ਦੇ ਅਗਲੇ ਪਾਸੇ ਦੇ ਇਲਾਕੇ ਅਫ਼ਗ਼ਾਨਿਸਤਾਨ (ਕਾਬਲ-ਕੰਧਾਰ ਤੇ ਜਮਰੋਦ ਦੇ ਇਲਾਕੇ) ਵਿਚ ਰਹਿਣ ਵਾਲੀ ਪਠਾਣ ਕੌਮ ਵੀ ਬੜੇ ਬਹਾਦਰਾਂ ਦੀ ਕੌਮ ਹੈ। ਇਨ੍ਹਾਂ ਲੋਕਾਂ ਦੇ ਕਦ-ਕਾਠ ਜਿਥੇ ਬੜੇ ਵਡੇ ਅਤੇ ਢੁਕਵੇਂ ਹੁੰਦੇ ਹਨ, ਉਥੇ ਉਨ੍ਹਾਂ ਦੀ ਖ਼ੁਰਾਕ ਵੀ ਬੜੀ ਤਕੜੀ ਹੁੰਦੀ ਹੈ। ਇਹ ਇਕੱਲੇ ਇਕੱਲੇ ਸਾਬਤ ਦੁੰਬਾ ਖਾ ਜਾਂਦੇ ਹਨ। ਇਹ ਲੋਕ ਹੀ ਸਨ ਜੋ ਦੋ ਢਾਈ ਸੌ ਸਾਲ ਪਹਿਲਾਂ ਸਾਡੇ ਭਾਰਤ ਉਤੇ ਹਮਲਾ ਕਰ ਕੇ ਇਥੋਂ ਦੇ ਧਨ-ਮਾਲ ਦੇ ਨਾਲ ਨਾਲ ਸਾਡੇ ਦੇਸ਼ ਦੀਆਂ



www.AKJ.Org

ਧੀਆਂ ਭੈਣਾਂ ਨੂੰ ਫੜ ਕੇ ਲੈ ਜਾਇਆ ਕਰਦੇ ਸਨ ਤੇ ਗ਼ਜ਼ਨੀ ਸ਼ਹਿਰ ਵਿਚ ਜਾ ਕੇ ਟਕੇ ਟਕੇ ਵੇਚਿਆ ਕਰਦੇ ਸਨ। ਪਰ ਜਦ ਗੁਰੂ ਕੇ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਤਾਂ ਖਾਲਸਾ ਫ਼ੌਜ ਨੇ ਜਰਨੈਲ ਹਰੀ ਸਿੰਘ ਦੀ ਅਗਵਾਈ ਵਿਚ ਜਿਥੇ ਇਨ੍ਹਾਂ ਲੋਕਾਂ ਦਾ ਮੂੰਹ ਮੋੜਿਆ ਉਥੇ ਇਨ੍ਹਾਂ ਦੇ ਦੇਸ਼ ਉਤੇ ਕਬਜਾ ਕਰ ਕੇ ਉਥੇ ਖਾਲਸਈ ਝੰਡੇ ਵੀ ਝੁਲਾਏ।

ਫਿਰ ਮੁੜ ਕੇ ਇਨ੍ਹਾਂ ਲੋਕਾਂ ਨੂੰ ਹੌਸਲਾ ਨਹੀਂ ਪਿਆਂ ਕਿ ਉਹ ਭਾਰਤ ਉਤੇ ਹਮਲਾ ਕਰ ਸਕਣ। ਜਿਥੇ ਅਗੇ ਇਹ ਪਠਾਣ ਲੋਕ ਹਮਲਾਵਰ ਦੇ ਰੂਪ ਵਿਚ ਸਾਡੇ ਦੇਸ਼ ਵਿਚ ਆਇਆ ਕਰਦੇ ਸਨ ਉਥੇ ਹੁਣ (ਪਾਕਿਸਤਾਨ ਬਣਨ ਤੋਂ ਪਹਿਲਾਂ) ਇਥੇ ਮਜ਼-ਦੂਰ ਬਣ ਕੇ ਮਜ਼ਦੂਰੀ ਕਰਨ ਆਇਆ ਕਰਦੇ ਸਨ ਜਾਂ ਫਿਰ ਹਿੰਗ-ਜੀਰਾ ਵੇਚਣ ਜੋਗੇ ਰਹਿ ਗਏ ਸਨ।

ਖ਼ਾਨ ਅਬਦੁਲ ਕਿਊਮ ਦੀ ਘਰ ਵਾਲੀ ਸਿੰਘਾਂ ਦੀ ਬਹਾਦਰੀ ਦੀਆਂ ਕੁਝ ਗੱਲਾਂ ਸੁਣ ਕੇ ਉਸ ਨੂੰ ਕਹਿਣ ਲਗੀ ਕਿ ਮੈਂ ਤੁਹਾਡੀ ਬਹਾਦਰੀ ਕਰਕੇ ਹੀ ਤੁਹਾਡੇ ਨਾਲ ਸ਼ਾਦੀ ਕੀਤੀ ਸੀ, ਪਰ ਇਹ ਤਾਂ ਤੁਹਾਡੇ ਨਾਲੋਂ ਵੀ ਵਧ ਬਹਾਦਰ ਹੋਏ।

ਬੀਵੀ ਦੀ ਇਸ ਗੱਲ ਨੂੰ ਖ਼ਾਨ ਨੇ ਆਪਣੀ ਗ਼ੈਰਤ ਲਈ ਚੈਲੰਜ ਸਮਝਿਆ ਤੇ ਕਹਿਣ ਲਗਾ ਕਿ ਇਹ ਠੀਕ ਹੈ ਕਿ ਇਹ ਲੋਗ ਬਹਾਦਰ ਹਨ। ਪਰ ਇਹ ਮੇਰਾ ਮੁਕਾਬਲਾ ਨਹੀਂ ਕਰ ਸਕਦੇ। ਇਹ ਗੱਲ ਕਹਿਣ ਉਤੇ ਜਦ ਉਸ ਨੂੰ ਆਪਣੀ ਬੀਵੀ ਦੀ ਤਸੱਲੀ ਹੁੰਦੀ ਨਾ ਪ੍ਰਤੀਤ ਹੋਈ ਤਾਂ ਉਹ ਉਨ੍ਹਾਂ ਵਿਚੋਂ ਇਕ ਨਾਲ ਮੁਕਾਬਲਾ ਕਰ ਕੇ ਆਪਣੀ ਬਹਾਦਰੀ ਦਿਖਾਉਣ ਲਈ ਤਿਆਰ ਹੋ ਗਿਆ।

ਉਹ ਉਸੇ ਵੇਲੇ ਸਿਖ ਰਜਮੈਂਟ ਦੇ ਕਮਾਂਡਰ ਕੋਲ ਚਲਾ ਗਿਆ ਅਤੇ ਕਹਿਣ ਲੱਗਾ ਕਿ ਉਹ ਕਿਸੇ ਸਿਖ ਨਾਲ ਬਹਾਦਰੀ ਦਾ ਮੁਕਾਬਲਾ ਕਰਨਾ ਚਾਹੁੰਦਾ ਹੈ। ਇਸ ਲਈ ਉਸ ਨਾਲ ਲੜਨ ਲਈ ਕੋਈ ਜਵਾਨ ਨਿਤਰੇ।

ਅੰਗਰੇਜ਼ ਕਰਨਲ ਨੇ ਕਈ ਸਿਖ ਜਵਾਨਾਂ ਨੂੰ ਬੁਲਾਇਆ ਅਤੇ ਪਠਾਣ ਦਾ ਮੁਕਾਬਲਾ ਕਰਨ ਵਾਲੀ ਸਾਰੀ ਗੱਲ ਦਸੀ, ਜਿਸ ਨੂੰ ਸੁਣ ਕੇ ਉਹ ਸਾਰੇ ਚੁਪ ਕਰ ਰਹੇ। ਕਈਆਂ ਨੇ ਤਾਂ ਗਰਦਨਾਂ ਨੀਵੀਆਂ ਪਾ ਲਈਆਂ।

ਸਭ ਪਾਸੇ ਚੁਪ ਨੂੰ ਵੇਖ ਕੇ ਕਰਨਲ ਨੇ ਪਲਟਨ ਦੇ ਗਰੰਥੀ ਨੂੰ ਬਾਂਹ ਪਕੜ ਕੇ ਕਿਹਾ ਕਿ ਇਹ ਮੈਂ ਮੰਨਦਾ ਹਾਂ ਕਿ ਤੁਸੀਂ ਸਾਰੇ ਬਹਾਦਰਾਂ ਦੀ ਕੌਮ ਨਾਲ ਸਬੰਧ ਰਖਦੇ ਹੋ ਅਤੇ ਤੁਸੀਂ ਪੜ੍ਹਦੇ ਹੁੰਦੇ ਹੋ ਕਿ ਗੁਰੂ ਸਾਹਿਬ ਨੇ ਤੁਹਾਡੇ ਬਾਰੇ ਹੀ ਕਿਹਾ ਸੀ ਕਿ "ਸਵਾ ਲਾਖ ਸੇ ਏਕ ਲੜਾਊਂ।" ਨਾਲੇ ਇਥੇ ਤਾਂ ਇਕ-ਇਕ ਨਾਲ ਹੀ ਮੁਕਾਬਲਾ ਹੈ। ਅਤੇ ਤੁਸੀਂ ਸਾਰੇ ਗੁਰੂ ਦੇ ਸਿਖ ਹੋ।

ਇਹ ਤਾਅਨਾ ਜਦ ਸਿਖ ਸਿਪਾਹੀਆਂ ਨੇ ਸੁਣਿਆ ਤਾਂ ਉਨ੍ਹਾਂ ਵਿਚੋਂ ਇਕ ਲਾਂਗਰੀ ਸਿੰਘ, ਜਿਸ ਦਾ ਨਾਂ ਕਰਤਾਰ ਸਿੰਘ ਸੀ, ਛਾਲ ਮਾਰ ਕੇ, ਅਗੇ ਹੋ ਕੇ ਕਹਿਣ ਲਗਾ ਕਿ ਮੈਂ ਲੜਾਂਗਾ। ਇਸ ਸਿੰਘ ਦਾ ਕਦ ਭਾਵੇਂ ਮਧਰਾ ਸੀ ਪਰ ਸਰੀਰ ਚੰਗਾ ਗਠਿਆ ਹੋਇਆ ਸੀ ਅਤੇ ਇਸ ਦੀ ਆਤਮਾ ਬੜੀ ਬਲਵਾਨ ਸੀ। ਇਹ ਰਹਿਤ-ਬਹਿਤ ਵਿਚ ਪਕਾ, ਨਿਤਨੇਮੀ, ਬਾਣੀ ਦੀ ਚੰਗੀ ਸੂਝ-ਬੂਝ ਵਾਲਾ ਤੇ 'ਕਮਾਈ' ਵਾਲਾ (ਭਜਨ ਬੰਦਗੀ ਕਰਨ ਵਾਲਾ) ਸਿੰਘ ਸੀ। ਫ਼ੈਸਲਾ ਹੋ ਗਿਆ ਕਿ ਅਗਲੇ ਦਿਨ ਅਖਾੜਾ ਲਗੇਗਾ।

ਅਗਲੇ ਦਿਨ ਅਖਾੜੇ ਦੇ ਇਕ ਪਾਸੇ ਭਾਰਤੀ ਸਿਪਾਹੀ ਹੋ ਗਏ ਅਤੇ ਦੂਜੇ ਪਾਸੇ ਦੇਉ ਕਦ ਪਠਾਣ, ਆਪਣੇ ਜਰਨੈਲ ਦੀ ਬਹਾਦਰੀ ਵੇਖਣ ਲਈ ਇਕੱਠੇ ਹੋ ਗਏ। ਨੀਯਤ ਸਮੇਂ ਤੇ ਖ਼ਾਨ ਤਲਵਾਰ ਢਾਲ ਨਾਲ ਛਾਲ ਮਾਰ ਕੇ ਨਾਅਰਾ-ਏ-ਤਕਬੀਰ, ਅਲਾ-ਹੂ-ਅਕਬਰ ਦਾ ਨਾਅਰਾ ਲਾ ਕੇ ਪਿੜ ਵਿਚ ਆ ਗਿਆ। ਪਰ ਕਰਤਾਰ ਸਿੰਘ ਨੇ ਕੁਝ ਦੇਰ ਕਰ ਦਿਤੀ। ਉਸ ਦੀ ਦੇਰੀ ਨੇ ਜਿਥੇ ਭਾਰਤੀ ਸਿਪਾਹੀਆ ਦੇ ਦਿਲਾਂ ਵਿਚ ਵਿਸਵਿਸਾ ਪੈਦਾ ਕਰ ਦਿਤਾ ਉਥੇ ਪਠਾਣਾਂ ਦੇ ਚਿਹਰਿਆਂ ਉਤੇ ਰੌਣਕ ਜਿਹੀ ਪਰਗਟ ਹੋਣ ਲਗੀ।



www.AKJ.Org

ਰੈਫ਼ਰੀ (Writer More Craft) ਰਾਈਟਰ ਮੂਰ ਕਰਾਫ਼ਟ ਜਿਸ ਨੇ ਇਹ ਵਾਰਤਾ ਆਪ ਲਿਖੀ ਹੈ, ਨੇ ਵਿਸਲ ਵਜਾਈ । ਭਾਰਤੀ ਕਮਾਂਡਰ ਨੇ ਜਦ ਕਰਤਾਰ ਸਿੰਘ ਨੂੰ ਮੈਦਾਨ ਵਿਚ ਨ ਦੇਖਿਆ ਤਾਂ ਉਸ ਨੂੰ ਟੈਂਟ ਵਿਚੋਂ ਛੇਤੀ ਬੁਲਾਉਣ ਲਈ ਦੋ ਸਿਪਾਹੀਆਂ ਨੂੰ ਭੇਜਿਆ । ਸਿਪਾਹੀਆਂ ਨੇ ਜਾ ਕੇ ਦੇਖਿਆ ਕਿ ਉਹ ਦੋਵੇਂ ਹੱਥ ਜੋੜ ਅਖਾਂ ਬੰਦ ਕਰ ਕੇ ਅਰਦਾਸ ਕਰ ਰਿਹਾ ਸੀ ।

ਕਰਤਾਰ ਸਿੰਘ ਸਮਝਦਾ ਸੀ ਕਿ ਉਸ ਵਿਚ ਲੜਨ ਦੀ ਸਮਰਥਾ ਨਹੀਂ, ਹਾਂ ਉਸ ਨੂੰ ਇਹ ਭਰੋਸਾ ਜ਼ਰੂਰ ਸੀ ਕਿ ਜਦ ਸਰਬ ਸ਼ਕਤੀਮਾਨ, ਗੁਰੂ ਪਿਤਾ ਦੀ ਓਟ ਲਈ ਜਾਏ ਤਾਂ ਅਸਮਰਥਾ ਸਮਰਥਾ ਵਿਚ ਬਦਲ ਸਕਦੀ ਹੈ । ਇਸੇ ਲਈ ਉਹ ਅਰਦਾਸ ਵਿਚ ਜੁੜਿਆ ਹੋਇਆ ਸੀ । ਅਰਦਾਸ ਮਗਰੋਂ ਜਦ ਉਹ ਪਿੜ ਵਿਚ ਨਿਤਰਿਆ ਤਾਂ ਉਸ ਦਾ ਛੋਟਾ ਜਿਹਾ ਕਦ ਪਠਾਣ ਜਰਨੈਲ ਦੇ ਕਦ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਸੀ ਪ੍ਰਤੀਤ ਹੋ ਰਿਹਾ । ਵੇਖਣ ਵਾਲਿਆਂ ਵਿਚੋਂ ਬਹੁਤਿਆਂ ਦਾ ਖ਼ਿਆਲ ਸੀ ਕਿ ਇਸ ਬਹਾਦਰੀ ਦੀ ਲੜਾਈ ਵਿਚ ਕਰਤਾਰ ਸਿੰਘ ਪਠਾਣ ਜਰਨੈਲ ਦੇ ਸਾਹਮਣੇ ੧੦ ਮਿੰਟ ਵੀ ਨਹੀਂ ਠਹਿਰ ਸਕੇਗਾ ।

ਪਰ ਵੇਖਣ ਵਾਲਿਆਂ ਦੀ ਹੈਰਾਨਗੀ ਦੀ ਹਦ ਨ ਰਹੀ, ਜਦ ਇਸ ਜਰਨੈਲ ਦੇ ਸਾਹਮਣੇ ਇਕ ਮਾਮੂਲੀ ਲਾਂਗਰੀ ਸਿਪਾਹੀ ਨੂੰ ਮੁਕਾਬਲਾ ਕਰਦਿਆਂ ਅੱਧਾ ਘੰਟਾ ਹੋ ਗਿਆ । ਦੋਵੇਂ ਜਵਾਨ ਇਕ ਦੂਜੇ ਨਾਲੋਂ ਵਧ ਚੜ੍ਹ ਕੇ ਜਿਥੇ ਤਲਵਾਰ ਦਾ ਵਾਰ ਕਰਦੇ ਸਨ ਉਥੇ ਆਪੋ ਆਪਣੇ ਬਚਾਓ ਲਈ ਜੋ ਜੋ ਯਤਨ ਕਰਦੇ ਸਨ, ਉਹ ਵੀ ਬੜੇ ਪ੍ਰਸ਼ੰਸਾ ਯੋਗ ਸਨ ।

ਅਧੇ ਘੰਟੇ ਦੇ ਮੁਕਾਬਲੇ ਮਗਰੋਂ ਰੈਫ਼ਰੀ ਨੇ ੧੦ ਮਿੰਟਾਂ ਦਾ ਰੈਸਟ ਦਿਤਾ । ਰੈਸਟ ਦੇ ਸਮੇਂ ਖ਼ਾਨ ਨੂੰ ਉਸ ਦੇ ਹਿਮਾਇਤੀਆਂ ਨੇ ੫-੬ ਕਿਲੋ ਅੰਗੂਰਾਂ ਦਾ ਜੂਸ (ਰਸ) ਪਿਲਾਇਆ ਜੋ ਉਹ ਗਟ ਗਟ ਕਰ ਕੇ ਪੀ ਗਿਆ । ਇਧਰ ਗੁਰੂ ਕੇ ਸਿੰਘ ਕਰਤਾਰ ਸਿੰਘ ਨੇ ਗੁਰੂ ਪਾਤਸ਼ਾਹ ਦਾ ਧੰਨਵਾਦ ਕਰਦਿਆਂ ਪਾਣੀ ਪੀਤਾ । ਦੋਹਾਂ ਪਾਸਿਆਂ ਦੇ ਹਿਮਾਇਤੀ ਆਪਣੇ ਆਪਣੇ ਸਰਦਾਰ ਨੂੰ ਸ਼ਾਬਾਸ਼ ਦੇਂਦੇ, ਵਾਹ ਵਾਹ ਕਰਦੇ ਨਹੀਂ ਸਨ ਥਕਦੇ । ਪਰ ਕਰਤਾਰ ਸਿੰਘ ਨੇ ਜੋ ਜਵਾਬ ਆਪਣੇ ਸਾਥੀਆਂ ਨੂੰ ਦਿਤਾ, ਉਹ ਵੀ ਸੁਣਨ ਯੋਗ ਹੈ । ਉਹ ਕਹਿੰਦਾ ਸੀ, ਮੈਂ ਥੋੜਾ ਲੜਿਆ ਹਾਂ ? ਮੈਂ ਕੌਣ ਹਾਂ ਲੜ ਸਕਣ ਵਾਲਾ ? ਮੇਰੀ ਪਿਠ ਉਤੇ ਤਾਂ ਕਲਗੀਧਰ ਪਿਤਾ ਦਾ ਹੱਥ ਹੈ, ਜਿਸ ਦੇ ਬਲ ਨਾਲ ਇਸ ਦੇਓ ਕਦ ਪਠਾਣ ਜਰਨੈਲ ਨਾਲ ਮੁਕਾਬਲਾ ਹੋ ਰਿਹਾ ਹੈ । ਸਾਰਿਆਂ ਨੇ ਉਸ ਵੇਲੇ ਮਹਿਸੂਸ ਕੀਤਾ ਕਿ ਗੁਰੂ ਮਹਾਰਾਜ ਨੇ ਸਚੀਂ ਮੁਚੀਂ ਖਾਲਸੇ ਨੂੰ ਜਿਥੇ ਆਪਣਾ ਰੂਪ ਦਿਤਾ ਉਥੇ ਖਾਲਸਈ ਗੁਣਾਂ ਵਾਲੇ ਸਿਖ ਅੰਦਰ ਸਾਹਿਬਾਂ ਦਾ ਆਪਣਾ ਨਿਵਾਸ ਵੀ ਹੁੰਦਾ ਹੈ । ਮਹਾਰਾਜ ਠੀਕ ਕਹਿ ਗਏ ਹਨ :—

ਖਾਲਸਾ ਮੇਰੋ ਰੂਪ ਹੈ ਖਾਸ ॥
ਖ਼ਾਲਸੇ ਮਹਿ ਹਉ ਕਰੌਂ ਨਿਵਾਸ ॥

ਇਨ੍ਹਾਂ ਗੱਲਾਂ ਬਾਤਾਂ ਵਿਚ ਹੀ ੧੦ ਮਿੰਟ ਪੂਰੇ ਹੋ ਗਏ ਅਤੇ ਰੈਫ਼ਰੀ ਦੇ ਸੀਟੀ ਵਜਾਉਣ ਉਤੇ ਦੋਵੇਂ ਜਵਾਨ ਫਿਰ ਮੈਦਾਨ (ਅਖਾੜੇ) ਵਿਚ ਆ ਗਏ ।

ਹੁਣ ਕਰਤਾਰ ਸਿੰਘ ਨੇ ਖ਼ਾਨ ਨੂੰ ਪਹਿਲਾਂ ਵਾਰ ਕਰਨ ਲਈ ਲਲਕਾਰਿਆ । ਖ਼ਾਨ ਦੇ ਭਰਵੇਂ ਵਾਰ ਨੂੰ ਜਿਸ ਫੁਰਤੀ ਨਾਲ ਕਰਤਾਰ ਸਿੰਘ ਨੇ ਰੋਕਿਆ, ਵੇਖਣ ਵਾਲੇ ਅਸ਼ ਅਸ਼ ਕਰ ਉਠੇ । ਇਸੇ ਤਰ੍ਹਾਂ ਮੋੜਵੇਂ ਵਾਰ ਨੂੰ ਖ਼ਾਨ ਨੇ ਵੀ ਬੜੀ ਚੁਸਤੀ ਤੇ ਸਿਆਣਪ ਨਾਲ ਰੋਕਿਆ ।

ਖ਼ਾਨ ਨੇ ਇਸ ਤਰ੍ਹਾਂ ਉਪਰੋ-ਥਲੀ ਲਗਾਤਾਰ ਤਿੰਨ ਵਾਰ ਕੀਤੇ, ਜਿਨ੍ਹਾਂ ਨੂੰ ਕਰਤਾਰ ਸਿੰਘ ਨੇ ਐਸੀ ਚੁਸਤੀ ਭਰੀ ਦਲੇਰੀ ਨਾਲ ਰੋਕਿਆ ਕਿ ਵੈਰੀ ਵੀ ਵਾਹ ਵਾਹ ਕਰ ਉਠੇ । ਆਪਣਿਆਂ ਨੇ ਤਾਂ "ਕਮਾਲ ਹੈ ਕਮਾਲ ਹੈ" ਕਹਿਣਾ ਹੀ ਸੀ ।

ਇਸ ਤਰ੍ਹਾਂ ਉਸ ਦੇ ਵਾਰਾਂ ਨੂੰ ਰੋਕਦਿਆਂ ਰੋਕਦਿਆਂ, ਵਿਚੋਂ ਹੀ ਕਰਤਾਰ ਸਿੰਘ ਨੇ ਇਕ ਐਸਾ

[ਬਾਕੀ ਵੇਖੋ ਸਫ਼ਾ ੨੧ ਦੇ ਹੇਠ



www.AKJ.Org

# ਤਸਵੀਰਾਂ ਅਤੇ ਪੰਜਾਬ ਸਿੰਧ ਬੈਂਕ

ਹਿੰਦੂਆਂ ਵਾਂਗ ਸਿਖ ਕੌਮ ਵਿਚ ਵੀ (ਗੁਰੂ ਸਾਹਿਬਾਂ ਦੀਆਂ ਮਨੋ-ਕਲਪਤ ਤਸਵੀਰਾਂ ਬਨਾਣ ਦਾ ਰਵਾਜ ਪ੍ਰਚਲਤ ਹੈ, ਜਿਸ ਦਾ ਵਿਰੋਧ ਸਿੰਘ ਸਭਾ ਤੇ ਅਕਾਲੀ ਲਹਿਰ ਸਮੇਂ ਕੀਤਾ ਗਿਆ। ਉਸ ਵੇਲੇ ਦੇ ਗੁਰਸਿਖ ਆਗੂਆਂ ਨੇ ਸਿਖ ਕੌਮ ਨੂੰ ਮੂਰਤੀ ਤੇ ਤਸਵੀਰ ਪੂਜਾ ਤੋਂ ਹਟਾ ਕੇ ਗੁਰ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਪਾਠ ਤੇ ਦਰਸ਼ਨ ਕਰਨ ਦੀ ਪ੍ਰੇਰਨਾ ਦਿਤੀ। ਸਮੇਂ ਦੇ ਫੇਰ ਨੇ ਤੇ ਅਜ ਦੇ ਸਿਖ ਆਗੂਆਂ ਨੇ ਫਿਰ ਕੌਮ ਨੂੰ ਮੂਰਤੀ ਤੇ ਤਸਵੀਰ ਪੂਜਾ ਵਲ ਪ੍ਰੇਰਿਆ ਹੈ। ੧੯੬੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਤੇ ਸ਼ਰੋਮਣੀ ਕਮੇਟੀ ਨੇ ਗੁਰੂ ਸਾਹਿਬ ਦੀ ਤਸਵੀਰ ਬਣਾ ਕੇ ਵੇਚੀ ਜੋ ਅਜ ਵੀ ਵਿਕਰੀ ਲਈ ਦੁਕਾਨਦਾਰਾਂ ਨੂੰ ਦਿਤੀ ਜਾ ਰਹੀ ਹੈ। ਏਸੇ ਤਰ੍ਹਾਂ ਹੋਰ ਸੰਸਥਾਵਾਂ ਤੇ ਅਖ਼ਬਾਰਾਂ ਵਲੋਂ ਨਵੀਆਂ ਤੋਂ ਨਵੀਆਂ ਗੁਰੂ ਸਾਹਿਬ ਦੀਆਂ ਮਨੋ ਕਲਪਤ ਤਸਵੀਰਾਂ ਬਣਾਈਆਂ ਜਾ ਰਹੀਆਂ ਹਨ। ਇਹਨਾਂ ਤਸਵੀਰਾਂ ਨੂੰ ਸਿਖ ਆਪਣੇ ਘਰਾਂ ਵਿਚ ਸਜਾ ਕੇ ਬਿਜਲੀ ਦੇ ਬਲਬਾਂ ਦੇ ਹਾਰਾਂ ਨਾਲ ਜਗਮਗਾਉਂਦੇ ਹਨ ਜਾਂ ਫੁੱਲਾਂ ਦੇ ਹਾਰ ਰੋਜ਼ਾਨਾ ਪਾਉਂਦੇ ਹਨ। ਕਈ ਦੁਕਾਨਦਾਰਾਂ ਨੇ ਗੁਰੂ ਸਾਹਿਬ ਦੇ ਮਨੋ-ਕਲਪਤ ਸਰੂਪ ਦੇ ਬੁਤ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵਾਂਗੂ ਬਣਾ ਕੇ ਵੇਚਣੇ ਸ਼ੁਰੂ ਕਰ ਦਿਤੇ ਹਨ। ਸਿਖ ਆਪਣੇ ਘਰਾਂ ਵਿਚ ਅੰਮ੍ਰਿਤ ਵੇਲੇ ਹਾਰ ਪਾ ਕੇ ਧੂਪ ਜਗਾ ਕੇ ਪਿਛੋਂ ਮੱਥਾ ਟੇਕਦੇ ਹਨ। ਇਹਨਾਂ ਤਸਵੀਰਾਂ ਦੇ ਰਿਵਾਜ ਵਿਚ ਹੁਣ ਵਡਾ ਵਾਧਾ ਪੰਜਾਬ ਐਂਡ ਸਿੰਧ ਬੈਂਕ ਨੇ ਗੁਰੂ ਸਾਹਿਬ ਦੇ ਕਈ ਕੌਤਕਾਂ ਦੇ ਚਿੱਤਰ-ਕਲੰਡਰ ਬਣਾ ਕੇ ਕੀਤਾ ਹੈ। ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸਰਦਾਰ ਇੰਦਰਜੀਤ ਸਿੰਘ ਜੀ ਦੀ ਸੁਚੱਜੀ ਅਗਵਾਈ ਨੇ ਸਿਖ ਕੌਮ ਦੀ ਬੜੀ ਵਡੀ ਸੇਵਾ ਕੀਤੀ ਹੈ, ਖ਼ਾਸ ਕਰਕੇ ਸਿਖ ਨੌਜਵਾਨਾਂ ਨੂੰ ਸਾਬਤ ਸੂਰਤ ਰਹਿਣ ਵਾਲੇ ਨੌਜਵਾਨਾਂ ਨੂੰ ਨੌਕਰੀ ਦੇ ਕੇ ਚੰਗੀ ਸੇਧ ਦਿਤੀ ਹੈ। ਉਨ੍ਹਾਂ ਦੀ ਇਹ ਸਭ ਤੋਂ ਵਡੀ ਸਿਖੀ ਦੀ ਸੇਵਾ ਹੈ।

ਗੁਰਬਾਣੀ ਦੇ ਆਸ਼ੇ ਅਨੁਸਾਰ ਕਿਸੇ ਸਿਖ ਨੂੰ ਮੂਰਤੀ ਜਾਂ ਤਸਵੀਰ ਭਾਂਵੇਂ ਕਿਸੇ ਧਾਤ ਜਾਂ ਲਕੜੀ, ਗਤੇ ਜਾਂ ਕਾਗ਼ਜ਼ ਦੀ ਹੋਵੇ, ਪੂਜਾ ਕਰਨੀ ਸੀਸ ਨਿਵਾ ਕੇ ਮੱਥਾ ਟੇਕਣਾ, ਹਾਰ ਪਾਣੇ ਵਿਵਰਜਤ ਹੈ। ਗੁਰਬਾਣੀ ਵਿਚ ਸਿਖ ਨੂੰ ਕੇਵਲ ਗੁਰ ਸ਼ਬਦ ਭਾਵ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮਥਾ ਟੇਕਣ ਦਾ ਹੁਕਮ ਹੈ। ਪਰ ਅਜ ਦੇ ਖ਼ਾਲਸੇ ਦੇ ਆਗੂ ਆਪ ਹੀ ਗੁਰਮਤਿ ਅਤੇ ਗੁਰੂ ਸਾਹਿਬਾਂ ਦੇ ਆਸ਼ੇ ਦੇ ਵਿਰੁਧ ਹਿੰਦੂ ਕੌਮ ਵਾਂਗੂ ਤਸਵੀਰਾਂ ਦੇ ਪੁਜਾਰੀ ਬਣ ਬੈਠੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਸਮੇਂ ਦਿਲੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਰੀ ਸਜੇ ਦੀਵਾਨ ਵਿਚ ਪ੍ਰਬੰਧਕਾਂ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਦ ਕੇ ਗੁਰੂ ਸਾਹਿਬ ਜੀ ਦੀ ਤਸਵੀਰ ਤੋਂ ਪਰਦਾ ਹਟਾਣ ਦੀ ਰਸਮ ਅਦਾ ਕਰਵਾਈ ਸੀ। ਹੁਣ ਅਕਾਲੀ ਲੀਡਰ ਤੇ ਕੇਂਦਰੀ ਸਰਕਾਰ ਦੇ ਵਜ਼ੀਰ ਸ: ਸੁਰਜੀਤ ਸਿੰਘ ਜੀ ਬਰਨਾਲਾ ਨੇ ਦਿਲੀ ਵਿਚ ਗੁਰੂ ਨਾਨਕ ਆਈ ਸੈਂਟਰ ਵਿਚ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਅਦਾ ਕੀਤੀ। ਇਹ ਤਸਵੀਰ ਪੰਜਾਬ ਐਂਡ ਸਿੰਧ ਬੈਂਕ ਵਲੋਂ ਬਣਵਾਈ ਗਈ ਸੀ।

ਕੀ ਇਹ ਗੁਰਮਤਿ ਦੇ ਆਸ਼ੇ ਅਨੁਸਾਰ ਠੀਕ ਹੈ? ਕੀ ਬਰਨਾਲਾ ਸਾਹਿਬ ਨੇ ਤਸਵੀਰ ਤੋਂ ਪਰਦਾ ਹਟਾ ਕੇ ਤਸਵੀਰ ਨੂੰ ਸੀਸ ਨਹੀਂ ਨਿਵਾਇਆ ਜਾਂ ਹਾਰ ਨਹੀਂ ਪਾਏ? ਕੀ ਇਹ ਮੂਰਤੀ ਪੂਜਾ ਨਹੀਂ। ਸਰਦਾਰ ਇੰਦਰਜੀਤ ਸਿੰਘ ਸੋਹਣੇ ਸਰੂਪ ਵਾਲੇ ਗੁਰਸਿਖ ਹਨ। ਉਹਨਾਂ ਦੇ ਵਿਚਾਰ ਭੀ ਗੁਰਸਿਖਾਂ ਵਾਲੇ ਹਨ, ਪਰ ਪਤਾ ਨਹੀਂ ਕਿਸ ਅਸਰ ਹੇਠ ਉਹ ਮਨੋ-ਕਲਪਤ ਤਸਵੀਰ ਤੇ ਤਸਵੀਰਾਂ ਵਾਲੇ ਕੈਲੰਡਰ ਛਪਵਾ ਰਹੇ ਹਨ। ਚੰਗਾ ਹੁੰਦਾ ਜੇ ਚੇਅਰਮੈਨ ਸਾਹਿਬ ਗੁਰਬਾਣੀ ਦੀਆਂ ਅਜਿਹੀਆਂ ਤੁਕਾਂ ਜਾਂ ਸ਼ਬਦ ਜੋ ਮਨੁਖ ਦੀ ਰੋਜ਼ਾਨਾ ਜ਼ਿੰਦਗੀ, ਕਾਰ ਵਿਹਾਰ ਗ੍ਰਿਹਸਤ ਤੇ ਹੋਰ ਲੋੜਾਂ ਨਾਲ ਸੰਬੰਧ ਰਖਦੀਆਂ ਹਨ, ਜਿਸ ਨਾਲ ਮਨੁਖ ਦੀ ਆਤਮਾ ਗੁਰੂ-ਚਰਨਾਂ ਵਲ ਪ੍ਰੇਰੀ ਜਾਂਦੀ ਹੈ, ਵਿਕਾਰਾਂ ਤੋਂ ਮਨ ਹਟਦਾ ਹੈ, ਦੇ ਕਿੱਤੇ ਸੋਹਣੇ ਸੁੰਦਰ ਕਾਗਜ਼ ਤੇ ਨਵੀਨ ਢੰਗਾਂ ਨਾਲ ਛਪਵਾ ਕੇ ਗੁਰਸਿਖਾਂ ਤੇ ਵਡੀਆਂ ਫ਼ਰਮਾਂ, ਸੰਸਥਾਵਾਂ, ਗੁਰ-ਅਸਥਾਨਾਂ ਤੇ ਦਫ਼ਤਰਾਂ ਨੂੰ ਭੇਟਾ ਕਰਦੇ। ਕੈਲੰਡਰ ਤਾਂ ਇਕ ਸਾਲ ਪਿਛੋਂ ਉਤਾਰ ਕੇ ਸੁਟ ਦਿਤੇ ਜਾਂਦੇ ਹਨ। ਗੁਰਬਾਣੀ ਦੇ ਸ਼ੀਸ਼ੇ ਵਿਚ ਜੜਤ ਕਿੱਤੇ ਪੁਰਾਣੇ ਨਹੀਂ ਹੋਣੇ ਤੇ ਨਾ ਹੀ ਕਿਸੇ ਨੇ

www.AKJ.Org

# ਗੁਰਬਾਣੀ ਦੀ ਲਗ ਮਾਤ੍ਰੀ ਨਿਯਮਾਵਲੀ

[ਵਲੋਂ—ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਸਤਿਗੁਰਾਂ, ਭਗਤਾਂ ਅਤੇ ਭੱਟਾਂ ਦੇ ਅਨੁਭਵ ਵਿਚ ਆਈ ਅਤੇ ਉਹਨਾਂ ਦੀ ਪਾਵਨ ਰਸਨਾ ਦੁਆਰਾ ਉਚਾਰਨ ਹੋਈ। ਗੁਰਬਾਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਸਾਹਿਬ) ਦੇ ਸਰੂਪ ਵਿਚ ਸੰਕਲਨ ਅੱਜ ਤੋਂ ਕੋਈ ਪੌਣੇ ਚਾਰ ਸੌ ਵਰ੍ਹੇ ਪਹਿਲਾਂ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਪਰ ਗੁਰਬਾਣੀ ਦਾ ਰਚਨ-ਕਾਲ ਇਸ ਤੋਂ ਵੀ ਪੁਰਾਤਨ ਹੈ। ਸਤਿਗੁਰਾਂ ਦੁਆਰਾ ਉਚਾਰਨ ਹੋਈ ਗੁਰਬਾਣੀ ਦੀ ਬੋਲੀ ਪ੍ਰਮੁਖ ਤੌਰ ਤੇ ਪੰਜਾਬੀ ਹੈ, ਪਰ ਭਗਤਾਂ ਅਤੇ ਭੱਟਾਂ ਦੀ ਬਾਣੀ ਵਿਚ ਉਹਨਾਂ ਦੇ ਆਪਣੇ ਪ੍ਰਾਂਤਾਂ ਦੀਆਂ ਬੋਲੀਆਂ ਦੇ ਵਧੇਰੇ ਸ਼ਬਦ ਹਨ। ਸਤਿਗੁਰਾਂ ਨੇ ਆਪਣੀ ਬਾਣੀ ਵਿਚ ਵੀ ਉਸ ਇਲਾਕੇ, ਪ੍ਰਾਂਤ, ਅਤੇ ਦੇਸ਼ ਦੀ ਭਾਸ਼ਾ ਦੇ ਸ਼ਬਦ ਵਰਤੇ ਜਿਸ ਇਲਾਕੇ, ਪ੍ਰਾਂਤ ਅਤੇ ਦੇਸ਼ ਵਿਚ ਉਹਨਾਂ ਨੇ ਬਾਣੀ ਉਚਾਰਨ ਕੀਤੀ, ਜਾਂ ਜਿਸ ਪ੍ਰਾਂਤ ਦੇ ਕਿਸੇ ਵਿਅਕਤੀ ਨਾਲ ਸੰਬਾਦ ਉਪ੍ਰੰਤ ਉਸ ਪ੍ਰਥਾਇ ਉਚਾਰਨ ਕੀਤੀ। ਇਸ ਲਈ ਸਾਨੂੰ ਗੁਰਬਾਣੀ ਵਿਚ ਪੰਜਾਬੀ ਬੋਲੀ ਦੀਆਂ ਵਖ ਵਖ ਉਪ-ਭਾਸ਼ਾਵਾਂ ਤੋਂ ਛੁਟ ਹੋਰ ਬੋਲੀਆਂ, ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਜ, ਮਰਾਠੀ, ਸਿੰਧੀ, ਫ਼ਾਰਸੀ (ਰੇਖਤਾ), ਮਾਰਵਾੜੀ, ਗੁਜਰਾਤੀ ਆਦਿ ਭਾਸ਼ਾਵਾਂ ਦੇ ਰਗੜੇ-ਮਾਂਜੇ ਅਥਵਾ ਸੁਖੈਨ ਕਰ ਕੇ ਅਪਣਾਏ ਹੋਏ ਸ਼ਬਦ ਵੀ ਮਿਲਦੇ ਹਨ।

ਸੋ ਗੁਰਬਾਣੀ ਦਾ ਅਰਥ-ਬੋਧ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਭਾਸਦਾ ਹੈ ਕਿ ਇਸ ਵਿਚ ਵਖ ਵਖ ਬੋਲੀਆਂ ਦੇ ਵਰਤੇ ਗਏ ਸ਼ਬਦਾਂ ਦਾ ਜੇ ਵਧੇਰੇ ਨਹੀਂ ਤਾਂ ਸਾਧਾਰਨ ਬੋਧ ਜ਼ਰੂਰ ਹੋਵੇ। ਇਸ ਪੱਖ ਵਿਚ ਸਾਨੂੰ ਗੁਰਬਾਣੀ ਦੇ ਕੋਸ਼ਾਂ ਤੋਂ ਸਹਾਇਤਾ ਮਿਲ ਸਕਦੀ ਹੈ।

ਦੂਜਾ ਗਿਆਨ ਜੋ ਗੁਰਬਾਣੀ ਦੇ ਅਰਥਾਂ ਅਤੇ ਆਸ਼ੇ ਨੂੰ ਸਮਝਣ ਲਈ ਜ਼ਰੂਰੀ ਹੈ ਉਹ ਹੈ ਉਸ ਲਿਖਣ-ਨਿਯਮਾਵਲੀ ਦਾ (ਜਿਸਨੂੰ ਪ੍ਰਚਲਤ ਬੋਲੀ ਵਿਚ ਵਿਆਕਰਣ ਆਖਦੇ ਹਨ), ਜਿਸ ਅਨੁਸਾਰ ਗੁਰਬਾਣੀ ਨੂੰ ਲਿਖਤੀ ਰੂਪ ਦਿਤਾ ਹੋਇਆ ਹੈ।

---

[ਸਫ਼ਾ ੧੯ ਦੀ ਬਾਕੀ]

ਭਰਵਾਂ ਵਾਰ ਕੀਤਾ ਜਿਸ ਨੂੰ ਖ਼ਾਨ ਸੰਭਾਲ ਨਾ ਸਕਿਆ ਤੇ ਉਸਦੀ ਗਰਦਨ ਅੱਧੀ ਵਖਰੀ ਹੋ ਗਈ। ਪਠਾਣ ਦੇ ਮੋੜਵੇਂ ਵਾਰ ਨੂੰ ਆਪਣੀ ਢਾਲ ਨਾਲ ਬਚਾਉਂਦਿਆਂ ਕਰਤਾਰ ਸਿੰਘ ਨੇ ਉਸ ਉਤੇ ਐਸਾ ਕਾਬੂ ਪਾਇਆ ਕਿ ਉਹ ਮੈਦਾਨ ਵਿਚੋਂ ਉਠਣ ਜੋਗਾ ਹੀ ਨਾ ਰਿਹਾ ਅਤੇ ਦੰਮ ਤੋੜ ਗਿਆ।

ਕਰਤਾਰ ਸਿੰਘ ਵਰਗੇ ਰਹਿਣੀ-ਬਹਿਣੀ ਵਾਲੇ ਅਤੇ ਕਰਨੀ ਕਮਾਈ ਵਾਲੇ ਸਿੰਘ ਹੁਣ ਵੀ ਭਾਵੇਂ ਹਨ, ਪਰ ਹੈਨ ਵਿਰਲੇ। ਇਨ੍ਹਾਂ ਵਿਰਲੇ ਜੀਵਨ ਵਾਲੇ ਸਿੰਘਾਂ ਦੀਆਂ ਘਟਨਾਵਾਂ ਸਾਡੇ ਅੰਦਰ ਵੀ ਉਤਸ਼ਾਹ ਭਰਦੀਆਂ ਹਨ ਅਤੇ ਖ਼ਾਲਸਈ ਗੁਣ ਅਪਣਾਉਣ ਦੀਆਂ ਪ੍ਰੇਰਨਾਂ ਦੇਂਦੀਆਂ ਹਨ।

ਖ਼ਾਲਸਈ ਗੁਣ ਇਹੋ ਹਨ ਕਿ ਜਿਥੇ ਅਸੀਂ ਸ਼ਕਲ ਸੂਰਤ ਕਰਕੇ ਸਾਬਤ ਰਹੀਏ, ਨਸ਼ਿਆਂ ਤੋਂ ਬਚੀਏ, ਉਥੇ ਹਉਮੈ ਰਹਿਤ ਨਿਰਮਾਣਤਾ ਵਿਚ ਰਹਿ ਕੇ, ਆਪਣੇ ਕਾਰ ਵਿਹਾਰ ਵਿਚ ਸਚਾਈ ਅਤੇ ਨੇਕ-ਨੀਤੀ ਦਾ ਪਲਾ ਨਾ ਛਡੀਏ ਅਤੇ ਹਰ ਕੰਮ ਵਿਚ ਗੁਰੂ ਪਰਮੇਸ਼ਰ ਦੇ ਗੁਣਾਂ ਨੂੰ ਗੁਰਬਾਣੀ ਅਨੁਸਾਰ ਯਾਦ ਵਿਚ ਰਖੀਏ।

ਇਸ ਤਰ੍ਹਾਂ ਸਾਡੇ ਜੀਵਨ ਵਿਚ ਨਿਤ ਨਵੀਆਂ ਤਬਦੀਲੀਆਂ ਆ ਸਕਦੀਆਂ ਹਨ ਅਤੇ ਕਰਤਾਰ ਸਿੰਘ ਦੀ ਤਰ੍ਹਾਂ ਸਾਡੇ ਉਤੇ ਗੁਰੂ ਦੀਆਂ ਬਖਸ਼ਸ਼ਾਂ ਹੁੰਦੀਆਂ ਰਹਿਣਗੀਆਂ।

—o—



www.AKJ.Org

ਗੁਰਬਾਣੀ ਦਾ ਜਦੋਂ ਅਸੀਂ ਗਹੁ ਨਾਲ ਪਾਠ ਕਰਦੇ ਹਾਂ ਤਾਂ ਸਾਨੂੰ ਇਕੋ ਹੀ ਸ਼ਬਦ ਵਖ ਵਖ ਰੂਪਾਂ ਵਿਚ ਅੰਕਿਤ ਕੀਤਾ ਹੋਇਆ ਮਿਲਦਾ ਹੈ । ਜਿਵੇਂ :—

ਗੁਰ, ਗੁਰਾ, ਗੁਰਿ, ਗੁਰੁ, ਗੁਰੈ, ਗੁਰੋ, ਗੁਰਹਿ, ਗੁਰਹ, ਗੁਰਏ ਆਦਿ ।

'ਗੁਰ' ਸ਼ਬਦ ਨੂੰ ਵਖ ਵਖ ਲਗਾਂ——ਮੁਕਤਾ, ਕੰਨਾ, ਸਿਹਾਰੀ, ਔਂਕੜ, ਦੋਲਾਵਾਂ, ਹੋੜਾ, ਸਿਹਾਰੀ ਸੰਜੁਕਤ ਹਾਹਾ, ਹਾਹਾ ਮੁਕਤਾ, ਲਾਂ-ਸਹਿਤ ਈੜੀ ਆਦਿ——ਕਾਰਕ ਚਿੰਨ੍ਹਾਂ ਦੇ ਰੂਪ ਵਿਚ ਲਗੀਆਂ ਹਨ ਅਤੇ ਇਹਨਾਂ ਦੇ ਲਗਣ ਨਾਲ ਜਿਥੇ 'ਗੁਰ' ਸ਼ਬਦ ਦੇ ਲਿਖਤੀ ਰੂਪ ਵਿਚ ਤਬਦੀਲੀ ਵਾਪਰੀ ਹੈ ਉਥੇ ਅਰਥ ਵੀ ਬਦਲੇ ਹਨ, ਜਿਹਾ ਕਿ ਹੇਠ ਦਿਤੀਆਂ ਗਈਆਂ ਉਦਾਹਰਣਾਂ ਦੁਆਰਾ ਸਪੱਸ਼ਟ ਹੁੰਦਾ ਹੈ ।

**ਗੁਰ ਕਾਰਕ-ਚਿੰਨ੍ਹ 'ਮੁਕਤਾ' ਸਹਿਤ——**

(ੳ) ਕਹੁ ਨਾਨਕ 'ਗੁਰ' ਭਏ ਦਇਆਰਾ
ਹਰਿ ਰੰਗੁ ਨ ਕਬਹੂ ਲਹਤਾ ॥ (੮੨੩) ਗੁਰ = ਗੁਰੂ ਜੀ, ਕਰਤਾ ਕਾਰਕ, ਆਦਰ ਵਾਚੀ ਬਹੁ-ਵਚਨ ।

(ਅ) ਸਭ ਮਹਿ ਵਰਤੈ ਏਕੋ ਸੋਈ ॥
ਗੁਰ ਪਰਸਾਦੀ ਪਰਗਟੁ ਹੋਈ ॥ (੧੦੫੫)ਗੁਰ = ਗੁਰੂ ਦੇ,ਸੰਬੰਧ ਕਾਰਕ,ਇਕ-ਵਚਨ।

(ੲ) ਗੁਰ ਮਿਲਿ ਖੋਲੇ ਬਜਰ ਕਪਾਟ ॥ (੧੫੩)ਗੁਰ = ਗੁਰੂ ਨੂੰ,ਸੰਪ੍ਰਦਾਨ ਕਾਰਕ,ਇਕ-ਵਚਨ।

**ਗੁਰਾ—ਕਾਰਕ-ਚਿੰਨ੍ਹ 'ਕੰਨਾ' ਸਹਿਤ——**

ਗੁਰਾ ਇਕ ਦੇਹ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ (੨) ਗੁਰਾ = ਹੇ ਗੁਰੂ, ਸੰਬੋਧਨ ਕਾਰਕ, ਇਕ ਵਚਨ ।

**ਗੁਰਿ, ਕਾਰਕ-ਚਿੰਨ੍ਹ 'ਸ਼ਿਹਾਰੀ' ਸਹਿਤ—**

(ੳ) 'ਗੁਰਿ' ਪੂਰੈ ਮੇਰੀ ਰਾਖਿ ਲਈ ॥ (੮੨੩) ਗੁਰਿ = ਗੁਰੂ ਨੇ, ਕਰਤਾ ਕਾਰਕ, ਇਕ-ਵਚਨ ।

(ਅ) 'ਗੁਰਿ' ਪੂਰੈ ਹਰਿ ਪਾਇਆ
ਹਰਿ ਭਗਤਿ ਇਕ ਮੰਗਾ ॥ (੪੪੯) ਗੁਰਿ = ਗੁਰੂ ਦੁਆਰਾ,ਕਰਣ ਕਾਰਕ,ਇਕ-ਵਚਨ।

**ਗੁਰੁ, ਕਾਰਕ-ਚਿੰਨ੍ਹ, ਔਂਕੜ ਸਹਿਤ—**

(ੳ) 'ਗੁਰੁ' ਪੂਰਾ ਜਿਸੁ ਦੇਇ ਬੁਝਾਇ ॥ (੧੯੪) ਗੁਰੁ = ਗੁਰੂ, ਕਰਤਾ ਕਾਰਕ, ਇਕ-ਵਚਨ ।

(ਅ) 'ਗੁਰੁ' ਸੇਵਉ ਕਰਿ ਨਮਸਕਾਰੁ ॥ (੧੧੮੦) ਗੁਰੁ = ਗੁਰੂ ਨੂੰ, ਕਰਮ ਕਾਰਕ, ਇਕ-ਵਚਨ ।

**ਗੁਰੈ, ਕਾਰਕ-ਚਿੰਨ੍ਹ, ਦੋਲਾਵਾਂ ਸਹਿਤ—**

ਹਉ ਮਨੁ ਤਨੁ ਦੇਵਾ 'ਸਤਿਗੁਰੈ'
ਮੈ ਮੇਲੇ ਪ੍ਰਭ ਗੁਣਤਾਸੇ ॥ (੭੭੬)ਸਤਿਗੁਰੈ = ਸਤਿਗੁਰੂ ਨੂੰ,ਕਰਮ ਕਾਰਕ,ਇਕ-ਵਚਨ।

**ਗੁਰੋ, ਕਾਰਕ ਚਿੰਨ੍ਹ 'ਹੋੜਾ' ਸਹਿਤ—**

ਹੇ ਪ੍ਰਾਣਨਾਥ ਗੋਬਿੰਦਹ
ਕ੍ਰਿਪਾ ਨਿਧਾਨ ਜਗਦਰੋ ॥ (੧੩੫੮) ਗੁਰੋ = ਹੇ ਗੁਰੂ, ਸੰਬੋਧਨ ਕਾਰਕ, ਇਕ-ਵਚਨ ।

ਗੁ



www.AKJ.Org

ਗੁਰਹਿ, ਕਾਰਕ-ਚਿੰਨ੍ਹ 'ਹਿ' ਸਹਿਤ—

(ੳ) ਸੇਵਾ ਥਾਰੀ 'ਗੁਰਹਿ' ਟੇਕ ॥ (੨੧੦) ਗੁਰਹਿ = ਗੁਰੂ ਦੀ, ਸੰਬੰਧ ਕਾਰਕ, ਇਕ-ਵਚਨ ।

(ਅ) 'ਗੁਰਹਿ' ਦਿਖਾਇਓ ਲੋਇਨਾ ॥ (੪੦੭) ਗੁਰਹਿ = ਗੁਰੂ ਨੇ, ਕਰਤਾ ਕਾਰਕ, ਇਕ-ਵਚਨ ।

(ੲ) ਹਰਿ'ਗੁਰਹਿ'ਭਾਣਾ ਦੀਈ ਵਡਿਆਈ

ਧੁਰਿ ਲਿਖਿਆ ਲੇਖੁ ਰਜਾਇ ਜੀਉ ॥ (੯੨੪) ਗੁਰਹਿ = ਗੁਰੂ ਨੂੰ,ਸੰਪ੍ਰਦਾਨ ਕਾਰਕ,ਇਕ-ਵਚਨ।

ਗੁਰਹ, ਕਾਰਕ ਚਿੰਨ੍ਹ 'ਹ' ਸਹਿਤ—

ਤੈਸੇ ਉਧਾਰਨ 'ਗੁਰਹ' ਪੀਰ ॥ (੧੧੮੧) ਗੁਰਹ = ਗੁਰੂ ਜੀ, ਕਰਤਾ ਕਾਰਕ, ਆਦਰ ਵਾਚੀ, ਬਹੁ ਵਚਨ ।

ਗੁਰਏ, ਕਾਰਕ ਚਿੰਨ੍ਹ 'ਏ' ਸਹਿਤ—

ਆਦਿ 'ਗੁਰਏ' ਨਮਹ ॥

ਜੁਗਾਦਿ 'ਗੁਰਏ' ਨਮਹ ॥ (੨੬੨) ਗੁਰਏ = ਗੁਰੂ ਨੂੰ, ਸੰਪ੍ਰਦਾਨ ਕਾਰਕ, ਇਕ-ਵਚਨ ।

ਨੋਟ :—ਕਾਰਕ-ਚਿੰਨ੍ਹਾਂ ਬਾਰੇ ਵਿਸ਼ੇਸ਼ ਜਾਣਕਾਰੀ 'ਕਾਰਕ-ਕਾਂਡ' ਵਿਚ ਦਿਤੀ ਗਈ ਹੈ ਜੀ। ਇਥੇ ਟੂਕ-ਮਾਤ੍ਰ ਵਰਨਣ ਕੇਵਲ ਇਹ ਗੱਲ ਦਰਸਾਉਣ ਲਈ ਹੈ ਕਿ ਕੁਝ ਸ਼ਬਦਾਂ ਵਿਚ ਲਗਾਂ ਮਾਤਰਾਂ ਕਾਰਕ ਚਿੰਨ੍ਹਾਂ ਦੇ ਤੌਰ ਤੇ ਲਗੀਆਂ ਹੋਈਆਂ ਹਨ ਅਤੇ ਇਹਨਾਂ ਦੀ ਆਪਣੀ ਵਿਸ਼ੇਸ਼ਤਾ ਅਤੇ ਮਹੱਹਤਾ ਹੈ।

ਦੂਜੇ ਪਾਸੇ ਕੁਝ ਅਜਿਹੇ ਸ਼ਬਦ ਹਨ ਜਿਨ੍ਹਾਂ ਵਿਚੋਂ ਕਈਆਂ ਦਾ ਔਂਕੜਾਂ ( ੁ ) ਅਤੇ ਕਈਆਂ ਦਾ ਸਿਹਾਰੀ ( ਿ ) ਮੂਲਕ ਅੰਗ ਹਨ। ਭਾਵ ਉਹਨਾਂ ਦੇ ਅੰਤਲੇ ਅੱਖਰ ਨੂੰ ਸਦਾ ਹੀ ਔਂਕੜ ( ੁ ) ਅਥਵਾ ਸਿਹਾਰੀ ( ਿ ) ਲਗੇ ਰਹਿੰਦੇ ਹਨ; ਜਿਵੇਂ :—

ਸਿਹਾਰੀ :— ਭਗਤਿ, ਮੁਕਤਿ, ਜੁਗਤਿ, ਸਾਂਤਿ, ਮਤਿ, ਥਿਤਿ ।

ਔਂਕੜ :— ਮੈਲੁ, ਤੇਲੁ, ਰੇਣੁ, ਰਤੁ, ਪਸੁ, ਖਾਕੁ ।

ਜਿਨ੍ਹਾਂ ਸ਼ਬਦਾਂ ਦਾ ਸਿਹਾਰੀ ਮੂਲਕ ਅੰਗ ਹੈ ਉਹਨਾਂ ਨੂੰ ਸਦਾ ਹੀ ਲੱਗੀ ਰਹਿੰਦੀ ਹੈ ਤੇ ਕਿਸੇ ਹਾਲਤ ਵਿਚ ਵੀ ਲਹਿੰਦੀ ਨਹੀਂ, ਭਾਵੇਂ ਅਗੇ ਕੋਈ ਸੰਬੰਧਕ ਆਦਿ ਵੀ ਆਉਂਦਾ ਹੋਵੇ। ਇਹੋ ਹਾਲ ਔਂਕੜ ਵਾਲੇ ਮੂਲਕ-ਅੰਗੀ ਸ਼ਬਦਾਂ ਦਾ ਹੈ।

ਸੋ ਸਪੱਸ਼ਟ ਹੈ ਕਿ ਗੁਰਬਾਣੀ ਵਿਚ ਲਗਾਂ ਮਾਤਰਾਂ ਦੀ ਹੇਠ ਲਿਖੇ ਅਨੁਸਾਰ ਬਹੁ-ਪਖੀ ਵਰਤੋਂ ਮਿਲਦੀ ਹੈ :—

(ੳ) ਸ਼ਬਦਾਂ ਦੀ ਕੁਦਰਤੀ ਬਣਤਰ ਦੇ ਤੌਰ ਤੇ :—ਪ੍ਰਭ, ਕਰਤਾ, ਪਾਣੀ, ਘਿਉ, ਘੁਘੂ ਆਦਿ ।

(ਅ) ਮੂਲਕ-ਅੰਗ ਦੇ ਤੌਰ ਤੇ :—ਭਗਤਿ, ਮੁਕਤਿ, ਅਰਦਾਸਿ, ਮਤਿ, ਆਦਿ ।

ਤੇਲੁ, ਰੇਣੁ, ਮੈਲੁ, ਰਤੁ ਆਦਿ।

(ੲ) ਕਾਰਕ-ਚਿੰਨ੍ਹ ਦੇ ਤੌਰ ਤੇ:—ਗੁਰ, ਗੁਰਾ, ਗੁਰਿ, ਗੁਰੁ, ਗੁਰੈ, ਗੁਰਹਿ, ਗੁਰਏ ਆਦਿ।

ਇਹਨਾਂ ਤੋਂ ਛੁਟ ਕਿਧਰੇ ਕਿਧਰੇ ਪਿੰਗਲ ਤੇ ਨਿਯਮਾਂ ਅਧੀਨ ਤੁਕਾਂਤ ਦੇ ਤੌਰ ਤੇ ਵੀ ਕੁਝ ਸ਼ਬਦਾਂ ਨੂੰ ਲਗਾਂ ਲਗੀਆਂ ਹੋਈਆਂ ਹਨ, ਜੋ ਕਾਵਿ ਵਿਚ ਆਮ ਵਰਤੀਂਦੀਆਂ ਹਨ ।

ਜਿਥੋਂ ਤਕ ਗੁਰਬਾਣੀ ਦੀ ਲਿਖਣ-ਨਿਯਮਾਵਲੀ ਦਾ ਸੰਬੰਧ ਹੈ, ਇਸ ਦੀ ਹੋਂਦ ਬਾਰੇ ਹੁਣ ਕੋਈ ਦੋ ਰਾਵਾਂ ਨਹੀਂ। ਇਸ ਤਥ ਨੂੰ ਨਿਖਾਰਨ ਅਤੇ ਸਪੱਸ਼ਟਾਉਣ ਲਈ ਕੁਝਕੁ ਵੰਨਗੀਆਂ ਹੇਠ ਦਿਤੀਆਂ ਜਾਂਦੀਆਂ



www.AKJ.Org

ਹਨ:– ਜਿਨ੍ਹਾਂ ਨੂੰ ਵਖ ਵਖ ਲਗਾਂ ਲਗਣ ਨਾਲ ਉਹਨਾਂ ਦੇ ਅਰਥ ਬਦਲ ਜਾਂਦੇ ਹਨ :–

**ਕੋਟਿ–ਕੋਟ–ਕੋਟ–**

(੧) ਕਈ **ਕੋਟਿ** ਤਪੀਸੁਰ ਹੋਤੇ ॥ (੨੭੫) (ਕੋਟਿ = ਕਰੋੜਾਂ–ਸੰਖਿਅਕ ਵਿਸ਼ੇਸ਼ਣ)

(੨) ਲੰਕਾ ਸਾ **ਕੋਟੁ** ਸਮੁੰਦ ਸੀ ਖਾਈ ॥ (੪੮੧) ਕੋਟੁ = ਕਿਲ੍ਹਾ–ਇੱਕ ਵਚਨ ਨਾਂਵ)

(੩) ਕੰਚਨ ਕੇ **ਕੋਟ** ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ (੬੨) (ਕੋਟ = ਕਿਲ੍ਹੇ, ਬਹੁ-ਵਚਨ ਨਾਂਵ)

**ਕਾਮਣ–ਕਾਮਣਿ–**

(੧) ਗੁਣ "**ਕਾਮਣ**" **ਕਾਮਣਿ** ਕਰੈ ਤਉ ਪਿਆਰੇ ਕਉ ਪਾਵੈ ॥ (੭੨੫)

(ਕਾਮਣ = ਟੂਣੇ, ਬਹੁ-ਵਚਨ ਪੁਲਿੰਗ)

(ਕਾਮਣਿ = ਇਸਤ੍ਰੀ, ਇਸਤ੍ਰੀ ਲਿੰਗ, ਨਾਂਵ)

**ਮਲੁ–ਮਲਿ–**

(੧) ਤੁਧੁ ਡਿਠੇ ਸਚੇ ਪਾਤਿਸਾਹੁ **ਮਲੁ** ਜਨਮ ਜਨਮ ਦੀ ਕਟੀਐ ॥ (੯੬੭)

(ਮਲੁ = ਮੈਲ, ਇਸਤ੍ਰੀ ਲਿੰਗ, ਨਾਂਵ)

(੨) ਪਾਵ ਮਲੋਵਾ **ਮਲਿ ਮਲਿ** ਧੋਵਾ ਇਹੁ ਮਨੁ ਤੈ ਕੂ ਦੇਸਾ ॥ (੬੧੨)

(ਮਲਿ ਮਲਿ = ਮਲ ਮਲ ਕੇ, ਕਿਰਿਆ ਕਾਰਦੰਤਕ)

**ਹਸਤ–ਹਸਤਿ–**

(੧) **ਹਸਤ** ਖੇਲਤ ਤੇਰੇ ਦੇਹੁਰੇ ਆਇਆ ॥ (੧੧੬੪)

(ਹਸਤ = ਹਸਦਾ ਖੇਡਦਾ, ਕਿਰਿਆ ਕਾਰਦੰਤਕ)

(੨) ਕੀਟ **ਹਸਤਿ** ਮਹਿ ਪੂਰ ਸਮਾਨੇ (੨੫੨) (ਹਸਤਿ = ਹਾਥੀ–ਪੁਲਿੰਗ, ਨਾਂਵ)

**ਬਸਤ–ਬਸਤੁ–**

(੧) ਏਕੁ ਅਖਰੁ ਹਰਿ ਮਨਿ **ਬਸਤ** ਨਾਨਕ ਹੋਤ ਨਿਹਾਲ ॥ (੨੬੧)

(ਬਸਤ = ਵਸਿਆਂ, ਕਿਰਿਆ ਕਾਰਦੰਤਕ)

(੨) ਜਿਸ ਕੀ **ਬਸਤੁ** ਤਿਸ ਆਗੈ ਰਾਖੈ ॥ (੨੬੮) (ਬਸਤੁ = ਵਸਤੂ, ਇਸਤ੍ਰੀ ਲਿੰਗ, ਨਾਂਵ)

**ਜਾਲੁ-ਜਾਲਿ–**

(੧) ਆਪੇ ਮਾਛੀ ਮਛੁਲੀ ਆਪੇ ਪਾਣੀ **ਜਾਲੁ** ॥ (੨੩)

(ਜਾਲੁ-ਮੱਛੀਆਂ ਪਕੜਨ ਵਾਲਾ ਜਾਲ, ਇਕ ਵਚਨ, ਨਾਂਵ)

(੨) **ਜਾਲਿ** ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ (੧੬)

(ਜਾਲਿ = ਸਾੜ ਦੇਹ, ਕਿਰਿਆ, ਹੁਕਮੀ ਭਵਿੱਖਤ)

**ਚਾਰ–ਚਾਰਿ–**

(੧) ਗਾਵੈ ਕੋ ਗੁਣ ਵਡਿਆਈਆ **ਚਾਰ** ॥ (੨) (ਚਾਰ = ਸੁੰਦਰ, ਇਸਤ੍ਰੀ ਲਿੰਗ, ਬਹੁਵਚਨ ਨਾਂਵ)

(੨) **ਚਾਰਿ** ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥ (੧੩੩)

(ਚਾਰਿ = ਗਿਣਤੀ ਦੇ ਚਾਰ, ਸੰਖਿਅਕ ਵਿਸੇਸ਼ਣ)

**ਮੁਕਰ–ਮੁਕਰਿ–**

(੧) ਪੁਹਪ ਮਧਿ ਜਿਉ ਬਾਸੁ ਬਸਤੁ ਹੈ **ਮੁਕਰ** ਮਾਹਿ ਜੈਸੇ ਛਾਈ ॥ (੬੮੪)

(ਮੁਕਰ = ਸ਼ੀਸ਼ਾ, ਪੁਲਿੰਗ ਨਾਂਵ)



www.AKJ.Org

(੨) ਤੂ ਦੇਖਹਿ ਹਉ ਮੁਕਰਿ ਪਾਉ ॥ . ੨੫)      (ਮੁਕਰਿ=ਮੁਕਰ ਜਾਣਾ—ਕਿਰਿਆ)

ਮਨਮੁਖਿ, ਮਨਿ ਮੁਖਿ—

ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥ (੧੦੭੩) (ਮਨਮੁਖਿ=ਮਨ ਦਾ ਮੁਰੀਦ ਮਨੁਖ, ਨਾਂਵ)
ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥ (੧੦੪੧)
[ਮਨਿ=ਮਨ ਕਰਕੇ, ਮੁਖਿ=ਮੁਖ ਕਰਕੇ, ਭਾਵ ਮਨ ਅਤੇ ਮੂੰਹ (ਦੋਹਾਂ) ਦੁਆਰਾ]

"ਗੁਰਮਤਿ ਮਾਰਤੰਡ" ਦੇ ਪੰਨਾ ੪੨੧ ਉਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਸ ਸਬੰਧ ਵਿਚ ਆਪਣੇ ਵਿਚਾਰ ਇਨ੍ਹਾਂ ਸ਼ਬਦਾਂ ਦੁਆਰਾ ਅੰਕਿਤ ਕੀਤੇ ਹਨ—ਮਾਤ੍ਰਾ ਬਿਨਾਂ ਅਰਥ ਸਪੱਸ਼ਟ ਨਹੀਂ ਹੋਂਦਾ, ਜਿਵੇਂ 'ਜਪੁ' ਵਿਚ 'ਇਕ' ਸ਼ਬਦ ਇਕ ਗਿਣਤੀ (ਯਕ) ਦਾ ਬੋਧਕ ਹੈ—"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥" 'ਇਕਿ' ਕਈ ਏਕ (ਅਨੇਕ) ਅਰਥ ਰਖਦਾ ਹੈ—"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥" ਅਤੇ 'ਇਕੁ' ਦਾ ਅਰਥ ਹੈ ਅਦੁਤੀਯ (ਲਾਸਾਨੀ)—"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥" ਐਸੇ ਹੀ 'ਆਪਿ', 'ਆਪ', 'ਆਪੁ' ਆਦਿ ਹੋਰ ਅਨੇਕ ਸ਼ਬਦ ਸਮਝ ਲੈਣੇ ਚਾਹੀਏ। ਬਾਣੀ ਵਿਚ ਮਾਤ੍ਰਾ ਨਿਰਾਰਥਕ ਨਹੀਂ।

ਸਾਹਿਤਕ ਦ੍ਰਿਸ਼ਟੀ-ਕੋਣ ਤੋਂ ਵਿਚਾਰਿਆਂ ਗੁਰਬਾਣੀ ਦੇ ਦੋ ਪੱਖ ਸਾਹਮਣੇ ਆਉਂਦੇ ਹਨ: ਇਕ 'ਵਰਣਾਤਮਕ' ਜਾਂ 'ਉਚਾਰਣਾਤਮਕ'* ਅਤੇ ਦੂਜਾ 'ਭਾਵਾਤਮਕ'†। ਜਿਥੋਂ ਤਕ ਗੁਰਬਾਣੀ ਦੇ 'ਭਾਵਾਤਮਕ' ਪੱਖ ਦਾ ਸੰਬੰਧ ਹੈ, ਇਹ ਅਨੁਭਵ ਉਤੇ ਅਧਾਰਤ ਹੈ। ਸਤ-ਪੁਰਸ਼ਾਂ ਦੀ ਸੁਰਤੀ ਜਦੋਂ ਅਕਾਲ ਪੁਰਖ ਨਾਲ ਇਕ-ਸੁਰ ਹੋਈ ਤਾਂ ਜੋ ਕੁਝ ਉਹਨਾਂ ਦੇ ਅਨੁਭਵ ਵਿਚ ਆਇਆ ਉਹ ਮਨੋ-ਭਾਵ ਬਣ ਗਏ ਤੇ ਫਿਰ ਬੋਲੀ ਦਾ ਰੂਪ ਧਾਰਨ ਕਰ ਕੇ ਉਚਾਰਣ ਰਾਹੀਂ ਪਰਗਟ ਹੋਏ। ਸਤ-ਪੁਰਸ਼ਾਂ ਦੇ ਅਨੁਭਵ ਵਿਚ ਆਏ ਰੱਬੀ-ਗਿਆਨ ਦਾ ਉਹਨਾਂ ਦੇ ਹਿਰਦੇ ਵਿਚ ਆਵੇਸ਼ ਅਤੇ ਉਸ ਗਿਆਨ ਦਾ ਮਨੋ-ਭਾਵਾਂ ਅਤੇ ਵਲਵਲਿਆਂ ਰਾਹੀਂ ਪ੍ਰਗਟਾਓ ਗੁਰਬਾਣੀ ਦਾ ਭਾਵਾਤਮਕ ਸਰੂਪ ਹੈ। ਇਹ ਸਰੂਪ ਸੁਤੰਤਰ ਹੈ ਅਤੇ ਕਿਸੇ ਨਿਯਮਾਵਲੀ ਦੇ ਅਧੀਨ ਨਹੀਂ ਹੈ। ਪਰ ਇਹ ਰੱਬੀ-ਗਿਆਨ ਜਦੋਂ ਬੋਲੀ ਦਾ ਅਤੇ ਫਿਰ ਲਿਖਤ ਦਾ ਰੂਪ ਧਾਰਨ ਕਰਦਾ ਹੈ ਤਾਂ ਇਸ ਨੂੰ ਗੁਰਬਾਣੀ ਦਾ ਉਚਾਰਣਾਤਮਕ ਜਾਂ ਵਰਣਾਤਮਕ ਰੂਪ ਕਿਹਾ ਜਾਂਦਾ ਹੈ। ਇਹ ਵਰਣਾਤਮਕ ਸਰੂਪ ਇਕ ਮਾਧਿਅਮ (Medium) ਹੈ, ਜਿਸ ਨੂੰ ਪੜ੍ਹ ਕੇ, ਸੁਣ ਕੇ, ਸਮਝ ਕੇ, ਅਤੇ ਇਸ ਦੇ ਭਾਵ ਵਿਚ ਲੀਨ ਹੋ ਕੇ ਭਾਵਾਤਮਕ ਸਰੂਪ ਦਾ ਅਨੰਦ ਮਾਣ ਸਕੀਦਾ ਹੈ।

ਗੁਰਬਾਣੀ ਦੇ ਭਾਵਾਤਮਕ ਸਰੂਪ ਦਾ ਅਨੰਦ ਮਾਨਣ ਲਈ ਇਸ ਦੇ ਵਰਣਾਤਮਕ ਸਰੂਪ ਦਾ 'ਬੋਧ-ਗਿਆਨ' ਅਤੇ ਇਸ ਦੇ ਭਾਵ ਵਿਚ 'ਲੀਨਤਾ' ਜ਼ਰੂਰੀ ਹਨ। ਗੁਰਬਾਣੀ ਦੇ ਵਰਣਾਤਮਕ ਸਰੂਪ ਵਿਚ ਅਸੀਂ ਦੇਖਦੇ ਹਾਂ ਵਰਣ (ਅੱਖਰ) ਹਨ ਅਤੇ ਲਗਾਂ ਮਾਤਰਾਂ ਹਨ। ਅੱਖਰਾਂ ਅਤੇ ਲਗਾਂ ਮਾਤਰਾਂ ਨੂੰ ਜਦੋਂ ਕਿਸੇ ਬੱਝਵੇਂ ਨੇਮ ਅਨੁਸਾਰ ਲਿਖਿਆ ਜਾਂਦਾ ਹੈ ਤਾਂ ਉਹਨਾਂ ਵਿਚ ਗੁੰਫਤ ਕੀਤੇ ਗਏ ਭਾਵ ਪੜ੍ਹਨ ਵਾਲੇ ਅਤੇ ਸੁਣਨ ਵਾਲੇ ਵਿਅਕਤੀਆਂ ਨੂੰ ਪ੍ਰਗਟ ਹੁੰਦੇ ਹਨ। ਅਤੇ ਕੇਵਲ ਇਕ ਵਿਅਕਤੀ ਨੂੰ ਹੀ ਨਹੀਂ, ਸਗੋਂ ਉਹਨਾਂ ਸਾਰਿਆਂ ਵਿਅਕਤੀਆਂ ਨੂੰ ਪ੍ਰਗਟ ਹੁੰਦੇ ਹਨ ਜਿਹੜੇ ਇਹਨਾਂ ਅੱਖਰਾਂ, ਲਗਾਂ-ਮਾਤਰਾਂ ਅਤੇ ਲਿਖਤ ਦੇ ਨੇਮਾਂ ਦੇ ਜਾਣੂ ਹੁੰਦੇ ਹਨ। ਨੇਮ-ਬੱਧ ਲਿਖਤ ਦਾ ਸਭ ਤੋਂ ਵੱਡਾ ਲਾਭ ਇਹ ਹੁੰਦਾ ਹੈ ਕਿ ਅਜਿਹੀ ਲਿਖਤ ਦਾ ਸਦੀਵ-

*ਉਚਾਰਣਾਤਮਕ (ਵਰਣਾਤਮਕ)—ਉਚਾਰਣ ਨਾਲ ਸੰਬੰਧ ਰਖਣ ਵਾਲਾ ਬੋਲੀ ਦਾ ਪੱਖ।

†ਭਾਵਾਤਮਕ—ਅੰਦਰਲੇ ਭਾਵਾਂ ਨਾਲ ਸੰਬੰਧ ਰਖਣ ਵਾਲਾ ਬੋਲੀ ਦਾ ਪੱਖ।



www.AKJ.Org

ਕਾਲ ਇਕੋ ਹੀ ਅਤੇ ਸਹੀ ਸਹੀ ਅਰਥ ਸਮਝਿਆ ਜਾਵੇਗਾ, ਪਰ ਤਾਂ ਜੇਕਰ ਪੜ੍ਹਨ ਵਾਲੇ ਨੂੰ ਲਿਖਣ-ਨੇਮਾਂ ਬਾਰੇ ਜਾਣਕਾਰੀ ਹੋਵੇ। ਇਸ ਦੇ ਉਲਟ ਨੇਮ-ਹੀਣ ਲਿਖਤ ਦੇ ਮਨ-ਮਰਜ਼ੀ ਅਨੁਸਾਰ ਅਰਥ ਹੋ ਸਕਦੇ ਹਨ ਅਤੇ ਨਿਤ ਹੀ ਬਦਲ ਸਕਦੇ ਹਨ।

ਸੋ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਦੀ ਲਿਖਾਈ ਵਿਚ ਗੁਰੂ ਪਾਤਸ਼ਾਹ ਜੀ ਨੇ ਬਝਵੀਂ ਨਿਯਮਾਵਲੀ ਦੀ ਵਰਤੋਂ ਕੀਤੀ ਹੋਈ ਹੈ। ਇਹ ਨਿਯਮਾਵਲੀ ਸਵਤੰਤਰ ਹੈ ਅਤੇ ਇਸ ਦੇ ਨਿਰਮਾਤਾ ਸਰਬੱਗ ਅਤੇ ਸੁਜਾਨ ਸਿਰੀ ਸਤਿਗੁਰੂ ਜੀ ਮਹਾਰਾਜ ਆਪ ਹਨ। ਗੁਰਬਾਣੀ ਦੀ ਲਿਖਤ ਨੂੰ ਠੀਕ ਠੀਕ ਸਮਝਣ ਲਈ ਇਸ ਨਿਯਮਾਵਲੀ ਦੀ ਜਾਣਕਾਰੀ ਅਤੀ ਜ਼ਰੂਰੀ ਹੈ। ਜਦੋਂ ਸਾਨੂੰ ਇਹਨਾਂ ਨਿਯਮਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਜਾਵੇਗੀ ਤਾਂ ਅਸੀਂ ਦੇਖਾਂਗੇ ਕਿ ਗੁਰਬਾਣੀ ਦੀ ਲਿਖਤ ਦਾ ਨਿਯਮ-ਬੱਧ ਹੋਣਾ ਗੁਰਬਾਣੀ ਦੀ ਗੌਰਵਤਾ ਨੂੰ ਵਧਾਉਂਦਾ ਹੈ, ਘਟਾਉਂਦਾ ਹਰਗਿਜ਼ ਨਹੀਂ। ਇਸ ਲਿਖਣ-ਨਿਯਮਾਵਲੀ ਦੇ ਸਿਰ-ਸਦਕੇ ਅਸੀਂ ਕਈ ਸਦੀਆਂ ਪਹਿਲਾਂ ਲਿਖੀ ਗਈ ਗੁਰਬਾਣੀ ਦਾ ਭਾਵ ਅਜ ਵੀ ਓਸੇ ਤਰ੍ਹਾਂ ਸਮਝ ਸਕਦੇ ਹਾਂ ਅਤੇ ਅਜ ਤੋਂ ਕਈ ਸਦੀਆਂ ਮਗਰੋਂ ਵੀ ਇਹਨਾਂ ਨਿਯਮਾਂ ਦੀ ਸਹਾਇਤਾ ਨਾਲ ਓਹੋ ਭਾਵ ਹੀ ਸਮਝੇ ਜਾਣਗੇ। ਇਹਨਾਂ ਨਿਯਮਾਂ ਦੀ ਤੁਫ਼ੈਲ ਹੀ ਅਸੀਂ ਮਨ-ਮਰਜ਼ੀ ਅਨੁਸਾਰ ਗੁਰਬਾਣੀ ਦੇ ਗ਼ਲਤ ਅਰਥ ਕਰ ਕੇ ਆਪਣਾ ਸਵਾਰਥ ਸਿਧ ਕਰਨ ਵਾਲੇ ਮਨ-ਮਤੀ ਅਤੇ ਸਵਾਰਥੀ ਪੁਰਸ਼ਾਂ ਦੇ ਗ਼ਲਤ ਪਰਚਾਰ ਦਾ ਖੰਡਨ ਕਰ ਸਕਦੇ ਹਾਂ।

ਰਾਮਕਲੀ-ਸਦ ਵਿਚ ਇਕ ਪੰਗਤੀ ਆਉਂਦੀ ਹੈ :—

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣ ਜੀਉ ॥ (੯੨੩)

ਸਨਾਤਨ-ਪ੍ਰਭਾਵੀ ਪਰਚਾਰਕਾਂ ਅਤੇ ਗੁਰਮਤਿ ਦੇ ਵਿਰੋਧੀਆਂ ਨੇ ਇਸ ਪੰਗਤੀ ਦੇ ਗ਼ਲਤ ਅਰਥ ਕਰ ਕੇ ਵੇਦਾਂ ਪੁਰਾਣਾਂ ਅਤੇ ਪੰਡਿਤਾਂ ਦੀ ਪੂਜਾ-ਪ੍ਰਤਿਸ਼ਟਾ ਦਾ ਬਹੁਤ ਦੇਰ ਤਕ ਪਰਪੰਚ ਰਚੀ ਰਖਿਆ। ਉਹ ਕਾਫ਼ੀ ਦੇਰ ਤਕ ਖੁਲ੍ਹਮ-ਖੁਲ੍ਹਾ ਇਹ ਪਰਚਾਰ ਕਰਦੇ ਰਹੇ ਕਿ ਉਪ੍ਰੋਕਤ ਪੰਗਤੀ ਵਿਚ ਦਿਤੇ ਉਪਦੇਸ਼ ਰਾਹੀਂ ਸਤਿਗੁਰਾਂ ਨੇ ਆਪਣੇ ਨਿਜੀ ਅੰਤਮ ਸੰਸਕਾਰ ਕਰਨ ਲਈ "ਕੇਸੋ ਗੋਪਾਲ" ਨਾਮੀ ਪੰਡਿਤ ਨੂੰ ਬੁਲਾ ਕੇ ਪੁਰਾਣਾਂ ਦੇ ਪਾਠ ਕੀਤੇ ਜਾਣ ਦੀ ਪ੍ਰਥਾ ਚਲਾਈ। ਪਰ ਜਦੋਂ ਗੁਰਮਤਿ ਦੇ ਮਹਿਰਮਾਂ ਨੇ ਗੁਰਬਾਣੀ ਦੀ ਲਿਖਣ-ਨਿਯਮਾਵਲੀ ਦੇ ਨਿਯਮਾਂ ਦੀ ਰੋਸ਼ਨੀ ਵਿਚ ਉਪ੍ਰੋਕਤ ਪੰਗਤੀ ਨੂੰ ਵਿਚਾਰਿਆ ਤਾਂ ਸਨਾਤਨੀ ਪਰਚਾਰਕਾਂ ਦੀ ਪੋਪ-ਲੀਲ੍ਹਾ ਉਘੜ ਕੇ ਸਾਹਮਣੇ ਆ ਗਈ ਤੇ ਅਰਥ ਸਪੱਸ਼ਟ ਹੋ ਗਏ।

ਗੁਰਬਾਣੀ ਦੀ ਉਪ੍ਰੋਕਤ ਪੰਗਤੀ ਵਿਚ "ਪੰਡਿਤ" ਸ਼ਬਦ ਦਾ ਅੰਤਲਾ "ਤ" ਅੱਖਰ ਮੁਕਤਾ ਹੈ ਤੇ ਇਸ ਤਰ੍ਹਾਂ ਇਹ ਸ਼ਬਦ ਬਹੁ-ਵਚਨ ਹੈ। ਇਸ ਸ਼ਬਦ ਦਾ ਅਰਥ ਹੈ "ਬਹੁਤੇ ਪੰਡਿਤ"। ਜੇ "ਕੇਸੋ ਗੋਪਾਲ" ਨਾਮੀ ਕਿਸੇ ਖ਼ਾਸ ਇਕ ਪੰਡਿਤ ਨੂੰ ਸਦਣ ਤੋਂ ਭਾਵ ਹੁੰਦਾ ਤਾਂ ਇਸ ਸ਼ਬਦ ਦਾ ਸਰੂਪ "ਪੰਡਿਤੁ" ਹੁੰਦਾ। ਇਸ ਦੇ ਨਾਲ ਹੀ "ਗੋਪਾਲ" ਸ਼ਬਦ ਦਾ ਅੰਤਲਾ "ਲ" ਅੱਖਰ ਵੀ ਮੁਕਤਾ ਹੈ, ਜਿਸ ਤੋਂ ਗੁਰਬਾਣੀ ਦੀ ਨਿਯਮਾਵਲੀ ਅਨੁਸਾਰ ਇਹ ਸੂਚਨਾ ਮਿਲਦੀ ਹੈ ਕਿ ਇਸ ਸ਼ਬਦ ਦੇ ਅਗੇ ਸੰਬੰਧਕੀ ਪਦ "ਦੇ" ਲੁਪਤ ਹੈ। ਜੇ ਇਹ "ਗੋਪਾਲ" ਸ਼ਬਦ ਕਿਸੇ ਖ਼ਾਸ ਪੰਡਿਤ ਦਾ ਸੂਚਕ ਹੁੰਦਾ ਤਾਂ ਇਸ ਦੇ "ਲ" ਅੱਖਰ ਨੂੰ ਔਂਕੜ ਹੋਣਾ ਚਾਹੀਦਾ ਸੀ, ਜੋ ਨਹੀਂ ਹੈ। ਸੋ ਇਸ ਤੋਂ ਸਿਧ ਹੋਇਆ ਕਿ ਗੁਰੂ ਪਾਤਸ਼ਾਹ ਦਾ ਭਾਵ "ਕੇਸੋ ਗੋਪਾਲ" ਨਾਮੀ ਕਿਸੇ ਖ਼ਾਸ ਪੰਡਿਤ ਨੂੰ ਸਦਣ ਦਾ ਨਹੀਂ ਸੀ, ਸਗੋਂ ਹੁਕਮ ਇਹ ਸੀ ਕਿ "ਕੇਸੋ ਗੋਪਾਲ" (ਵਾਹਿਗੁਰੂ)* ਦੇ ਪੰਡਿਤਾਂ (ਗੁਰਸਿਖਾਂ) ਨੂੰ ਸਦਣਾ ਕਰਹੁ, ਤਾਂ ਜੁ ਉਹ ਹਰਿ ਹਰਿ ਕਥਾ ਪੜ੍ਹਨ (ਹਰਿ-ਜਸ ਕਰਨ)। ਇਹ 'ਹਰਿ ਹਰਿ ਕਥਾ' ਪੜ੍ਹਨੀ ਅਥਵਾ ਸੁਣਨੀ ਹੀ ਮੇਰੇ ਵਾਸਤੇ ਪੁਰਾਣ ਪੜ੍ਹਨੇ ਹਨ।

---

* ਪਿੰਡੁ ਪਤਲਿ ਮੇਰੀ ਕੇਸੋ ਕਿਰਿਆ ... (੩੫੮)    ਕਬੀਰ ਕੇਸੋ ਕੇਸੋ ਕੂਕੀਐ ... (੧੩੭੬)



www.AKJ.Org

ਇਸ ਤਰ੍ਹਾਂ ਉਪ੍ਰੋਕਤ ਪੰਗਤੀ ਦੇ ਗੁਰਮਤਿ ਸਿਧਾਂਤ ਦੇ ਅਨਕੂਲ ਸ਼ੁਧ ਅਰਥ ਸਮਝਣ ਵਿਚ ਲਗ-ਮਾਤ੍ਰੀ ਨਿਯਮਾਂ ਨੇ ਅਗਵਾਈ ਕੀਤੀ।

ਜਪੁਜੀ ਸਾਹਿਬ ਵਿਚ ਇਕ ਤੁਕ ਹੈ :—

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ (ਪੰਨਾ ੪)

ਇਸ ਤੁਕ ਦੇ ਕਾਦੀਆਨੀ ਮਿਰਜ਼ਈਆਂ ਨੇ ਗ਼ਲਤ ਅਰਥ ਕਰ ਕੇ ਸ਼ੋਸ਼ਾ ਖੜਾ ਕਰ ਦਿਤਾ ਕਿ ਇਸ ਤੁਕ ਰਾਹੀਂ ਅਜ ਤੋਂ ਪੰਜ ਸਦੀਆਂ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖਾਂ ਨੂੰ ਹੁਕਮ ਕਰ ਦਿਤਾ ਸੀ ਕਿ ''ਕਾਦੀਆਨੀ ਮਤ ਦੇ ਅਨੁਆਈਆਂ ਨੂੰ, ਜੇ ਉਹ ਕੁਰਾਨ ਦੇ ਲੇਖ ਲਿਖਣ ਤਾਂ ਉਹਨਾਂ ਨੂੰ ਵਖਤਾਂ (ਤਕਲੀਫ਼ਾਂ) ਵਿਚ ਨਾ ਪਾਉਣਾ।'' ਐਹੋ ਜਹੀ ਸ਼ੋਸ਼ਾ-ਬਾਜ਼ੀ ਧਰਮਾਂ ਦੇ ਕੁਢੱਬੇ ਪਰਚਾਰਕਾਂ ਵਲੋਂ ਹੁੰਦੀ ਹੀ ਰਹਿੰਦੀ ਹੈ।

ਉਪ੍ਰੋਕਤ ਤੁਕ ਦਾ ਸਹੀ ਅਰਥ ਨਿਤਾਰਨ ਲਈ ਫਿਰ ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਨੇ ਹੀ ਅਗਵਾਈ ਕੀਤੀ।

ਉਪ੍ਰੋਕਤ ਪੰਗਤੀ ਵਿਚ ਸ਼ਬਦ 'ਵਖਤੁ' ਦੇ ਅੰਤਲੇ ਤਤੇ ਅੱਖਰ ਨੂੰ ਔਂਕੜ ਲਗੀ ਹੋਈ ਹੈ, ਇਸ ਲਈ ਇਹ ਕਰਮ-ਕਾਰਕ ਇਕ-ਵਚਨ ਨਾਂਵ ਹੈ, ਜਿਸ ਦਾ ਅਰਥ ਹੈ 'ਸਮਾਂ' (ਵਕਤ)। ਇਸ ਸ਼ਬਦ ਦਾ ਕਿਸੇ ਤਰ੍ਹਾਂ ਵੀ 'ਵਖਤਾਂ ਵਿਚ' ਅਰਥ ਨਹੀਂ ਬਣ ਸਕਦਾ।

ਫਿਰ ਇਸ ਤੁਕ ਦੀ ਕਿਰਿਆ 'ਪਾਇਓ' ਭੂਤ ਕਾਲ ਵਿਚ ਹੈ, ਜਿਸ ਦਾ ਅਰਥ ਹੈ ''ਨਹੀਂ ਪਾਇਆ''। ਜੇ ਗੁਰੂ ਪਾਤਸ਼ਾਹ ਵਲੋਂ ਕੋਈ ਹੁਕਮ ਹੁੰਦਾ ਜਿਵੇਂ ਕਿ ਕਾਦੀਆਨੀ ਮਤ ਵਾਲਿਆ ਨੇ ਦਿਮਾਗੀ ਇਖ਼ਤਰਾਹ ਕਢੀ ਸੀ ਤਾਂ ਇਹ ਕਿਰਿਆ ਹੁਕਮੀ ਭਵਿਖਤ ਕਾਲ ਵਿਚ ਹੁੰਦੀ ਅਤੇ ਇਸ ਦਾ ਸਰੂਪ 'ਪਾਇਅਹੁ' ਹੁੰਦਾ। ਤੁਕ ਵਿਚ ਤੀਜਾ ਸ਼ਬਦ 'ਕਾਦੀਆਂ' ਹੈ, ਜਿਸ ਦੇ ਅਰਥ ਜਾਣ ਬੁਝ ਕੇ ਗ਼ਲਤ ਕਰਨ ਦਾ ਯਤਨ ਕੀਤਾ ਗਿਆ। ਇਸ ਸ਼ਬਦ ਦਾ ਸਹੀ ਅਰਥ ਸਮਝਣ ਲਈ ਗੁਰਬਾਣੀ ਦੇ ਅੰਦਰੋਂ ਹੀ ਅਗਵਾਈ ਮਿਲ ਗਈ। ਇਹ ਸ਼ਬਦ ਗੁਰਬਾਣੀ ਵਿਚ ਅਨੇਕ ਥਾਈਂ ''ਕਾਜੀਆਂ'' ਦੇ ਅਰਥਾਂ ਵਿਚ ਆਉਂਦਾ ਹੈ। ਅਰਬੀ ਦਾ ਸ਼ਬਦ ''ਕਾਦੀ'' ਅਤੇ ਉਰਦੂ ਫ਼ਾਰਸੀ ਦਾ ਸ਼ਬਦ 'ਕਾਜੀ' ਇਕੋ ਅਰਥ ਰਖਦੇ ਹਨ ਜਿਹਾ ਕਿ :— ਕਾਦੀ ਕੂੜੁ ਬੋਲਿ ਮਲੁ ਖਾਇ ॥ (੬੬੨)

ਸੋ ਇਸ ਤੁਕ ਵਿਚ ਆਏ ਸ਼ਬਦ 'ਵਖਤੁ' ਅਤੇ 'ਪਾਇਓ' ਦੀ ਸ਼ਬਦੀ ਬਣਤਰ ਨੂੰ ਗੁਰਬਾਣੀ ਦੀ ਲਿਖਣ-ਨਿਯਮਾਵਲੀ ਅਨੁਸਾਰ ਵਿਚਾਰਿਆਂ ਸ਼ੁਧ ਅਰਥ ਨਿਖਰ ਆਏ ਕਿ :—

ਕਾਦੀਆਂ ਅਥਵਾ ਕਾਜ਼ੀਆਂ ਮੁਲਾਣਿਆਂ ਨੇ ਵੀ ਉਹ ਵੇਲਾ ਨਹੀਂ ਜਾਣਿਆ।

ਇਸ ਤਰ੍ਹਾਂ ਗੁਰਬਾਣੀ ਦੇ ਲਿਖਣ-ਨੇਮਾਂ ਦੀ ਰੋਸ਼ਨੀ ਵਿਚ ਅਸੀਂ ਗੁਰਬਾਣੀ ਦੇ ਸਹੀ ਅਰਥ ਨਿਖਾਰ ਸਕਦੇ ਹਾਂ ਅਤੇ ਸ੍ਵਾਰਥ-ਸਿਧੀ ਲਈ ਮਨ-ਮਰਜ਼ੀ ਨਾਲ ਮੋੜ ਤੋੜ ਕੇ ਅਰਥ ਕਰਨ ਵਾਲਿਆਂ ਦਾ ਮੂੰਹ ਭੰਨ ਸਕਦੇ ਹਾਂ।

ਗੁਰਬਾਣੀ ਦੀ ਲਿਖਣ-ਨਿਯਮਾਵਲੀ ਦੀ ਇਕ ਸਵਾਦਲੀ ਉਦਾਹਰਣ ਹੋਰ ਦੇ ਕੇ ਅਗੇ ਚਲਦੇ ਹਾ। ਸ੍ਰੀ ਕਬੀਰ ਜੀ ਦੀ ਰਾਗ ਭੈਰਉ ਵਿਚ ਇਕ ਤੁਕ ਹੈ :—

ਦਾਸੁ ਕਬੀਰੁ ਤੇਰੀ ਪਨਹ ਸਮਾਨਾਂ॥ ਭਿਸਤੁ ਨਜੀਕਿ ਰਾਖੁ ਰਹਮਾਨਾ ॥ (੧੧੬੧)

ਇਸ ਪੰਗਤੀ ਦੇ ਗੁਰਬਾਣੀ ਦੀ ਲਿਖਣ-ਨਿਯਮਾਵਲੀ ਤੋਂ ਅਨਜਾਣ ਲੋਕੀ ਇਹ ਅਰਥ ਕਰਦੇ ਹਨ ਕਿ ਕਬੀਰ ਜੀ ਵੀ ਬਹਿਸ਼ਤ ਵਿਚ ਨਿਵਾਸ ਰਖਣ ਦੇ ਚਾਹਵਾਨ ਸਨ ਅਤੇ ਇਸ ਪੰਗਤੀ ਵਿਚ ਪ੍ਰਭੂ ਅਗੇ ਅਰਦਾਸ ਕਰਦੇ ਹਨ ਕਿ 'ਹੇ ਕਿਰਪਾਲੂ ਪ੍ਰਭੂ! ਦਾਸ ਕਬੀਰ ਤੇਰੀ ਸ਼ਰਨ ਵਿਚ ਹੈ, ਇਸ



www.AKJ.Org

ਦਾਸ ਨੂੰ ਕਿਰਪਾ ਕਰ ਕੇ ਬਹਿਸ਼ਤ ਦੇ ਨੇੜੇ ਰਖੀਂ।''

ਪਰ ਉਪ੍ਰੋਕਤ ਅਰਥ ਸ੍ਰੀ ਕਬੀਰ ਜੀ ਦੀ ਨਿਜੀ ਬਾਣੀ ਦੇ ਸਿਧਾਂਤ ਦੇ ਉਲਟ ਹਨ, ਕਿਉਂ ਜੁ ਕਬੀਰ ਜੀ ਦਾ ਕਥਨ ਹੈ :—

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥ (੧੩੭੦)

ਇਸ ਤੋਂ ਪਰਤੀਤ ਹੁੰਦਾ ਹੈ ਕਿ ਉਪ੍ਰੋਕਤ ਅਰਥ ਸਹੀ ਨਹੀਂ। ਇਸ ਦਾ ਕਾਰਨ ਇਹ ਹੈ ਕਿ ਉਪ੍ਰੋਕਤ ਅਰਥ ਕਰਨ ਲਗਿਆਂ ਗੁਰਬਾਣੀ ਦੇ ਲਗ-ਮਾਤ੍ਰੀ ਨੇਮਾਂ ਦਾ ਧਿਆਨ ਨਹੀਂ ਰਖਿਆ ਗਿਆ। ਐਵੇਂ ਅਟਕਲ-ਪਚੂ ਅਰਥ ਕੀਤੇ ਗਏ ਹਨ। 'ਭਿਸਤੁ' ਸ਼ਬਦ ਦੇ ਅੰਤਲੇ 'ਤ' ਅੱਖਰ ਨੂੰ ਔਂਕੜ ਲਗਾ ਹੋਇਆ ਹੋਣ ਕਾਰਨ ਇਸ ਦੇ ਅਰਥ 'ਭਿਸਤ ਦੇ ਨੇੜੇ' ਬਿਲਕੁਲ ਨਹੀਂ ਹੋ ਸਕਦੇ। ਇਸ ਸ਼ਬਦ ਦੇ ਅੰਤਲੇ 'ਤ' ਅੱਖਰ ਨੂੰ ਲਗਾ ਔਂਕੜ ਇਸ ਗੱਲ ਦਾ ਸੂਚਕ ਹੈ ਕਿ ਇਸ ਦੇ ਅਗੇ ਸਬੰਧਕੀ-ਪਦ ਕੋਈ ਨਹੀਂ ਹੈ। ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਅਨੁਸਾਰ ਇਸ ਤੁਕ ਦੇ ਅਰਥ ਇਹ ਬਣਦੇ ਹਨ :—

''ਹੇ ਰਹੀਮ ਪ੍ਰਭੂ ! ਦਾਸ ਕਬੀਰ ਤੇਰੀ ਸ਼ਰਨ ਵਿਚ ਹੈ। ਇਸ ਦਾਸ ਨੂੰ (ਆਪਣੇ) ਨੇੜੇ ਰਖ ! ਇਹੀ ਮੇਰੇ ਵਾਸਤੇ ਬਹਿਸ਼ਤ ਹੈ।''

ਸੋ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਦੀਆਂ ਲਗਾਂ ਮਾਤਰਾਂ ਵਾਧੂ ਨਹੀਂ, ਸਗੋਂ ਬਝਵੇਂ ਨੇਮਾਂ ਅਨੁ-ਸਾਰ ਲਗੀਆਂ ਹੋਈਆਂ ਹਨ ਅਤੇ ਇਹਨਾਂ ਦਾ ਗੁਰਬਾਣੀ ਦੇ ਅਰਥਾਂ ਨਾਲ ਗੂੜ੍ਹਾ ਸੰਬੰਧ ਹੈ। ਅਜਿਹਾ ਸਮਾਂ ਵੀ ਆਇਆ ਜਦੋਂ ਸਨਾਤਨੀ ਕਥਾਕਾਰ ਆਪਣੀ ਪੰਡਤਿਆਈ ਜਤਲਾਉਣ ਲਈ ਇਕ ਇਕ ਤੁੱਕ ਦੇ ਕਈ ਕਈ ਅਰਥ ਕਰ ਕੇ ਸਰੋਤਿਆਂ ਨੂੰ ਭੰਬਲ - ਭੂਸਿਆਂ ਵਿਚ ਪਾਉਂਦੇ ਰਹੇ। ਇਸ ਪ੍ਰਪਾਟੀ ਨਾਲ ਬਹੁਤ ਹਾਨੀ ਹੋਈ, ਕਿਉਂਕਿ ਹਰੇਕ ਮਨ-ਮਤੀਆ ਗਿਆਨੀ ਆਪਣੀ ਮਨ-ਮਤੀ ਵਿਚਾਰਧਾਰਾ ਨੂੰ ਸਿਧ ਕਰਨ ਲਈ ਸ਼ਬਦਾਂ ਨੂੰ ਮਰੋੜ ਤਰੋੜ ਕੇ ਮਨ-ਮਾਨੇ ਅਰਥ ਕਰਦਾ ਰਿਹਾ।

ਗੁਰਮਤੀ ਪੁਰਸ਼ਾਂ ਨੂੰ ਅੰਦਰਹੁ ਦ੍ਰਿੜ੍ਹਤਾ ਸੀ ਕਿ ਗੁਰਬਾਣੀ ਦਾ ਇਕੋ ਤੇ ਕੇਵਲ ਇਕੋ ਅਰਥ ਤੇ ਆਸ਼ਾ ਹੈ। ਉਹ ਮਨਮਤੀ ਤੇ ਚਲਾਕ ਗਿਆਨੀਆਂ ਦੀ ਬਹੁ-ਅਰਥਕ ਪ੍ਰਪਾਟੀ ਤੋਂ ਭਾਵੇਂ ਅੰਦਰੋ-ਅੰਦਰ ਦੁਖੀ ਸਨ, ਪਰ ਇਸ ਨੂੰ ਰੋਕਣ ਲਈ ਉਹਨਾਂ ਨੂੰ ਸ਼ੁਰੂ ਸ਼ੁਰੂ ਵਿਚ ਕੋਈ ਰਾਹ ਨਹੀਂ ਸੀ ਦਿਸਦਾ। ਪਰ ਗੁਰਬਾਣੀ ਦੇ ਆਸ਼ਕਾਂ ਨੇ ਜਦੋਂ ਗੁਰਬਾਣੀ ਨੂੰ ਗਹੁ ਨਾਲ ਪੜ੍ਹਨਾ ਤੇ ਵਿਚਾਰਨਾ ਕੀਤਾ ਤਾਂ ਸ਼ਬਦਾਂ ਨੂੰ ਲਗੀਆਂ ਲਗਾਂ-ਮਾਤਰਾਂ ਨੇ ਉਹਨਾਂ ਦੀ ਅਗਵਾਈ ਕੀਤੀ ਅਤੇ ਇਹਨਾਂ ਦੇ ਬਲ-ਬੋਤੇ 'ਤੇ ਉਹਨਾਂ ਨੇ ਇਕ ਇਕ ਸ਼ਬਦ ਦੇ ਕਈ ਕਈ ਅਰਥ ਕਰਨ ਵਾਲਿਆਂ ਦਾ ਮੂੰਹ ਭੰਨ ਕੇ ਰਖ ਦਿਤਾ ਤੇ ਇਸ ਪ੍ਰਪਾਟੀ ਵਿਚ ਕੁਝ ਠਲ੍ਹ ਪਈ।

ਪਰ ਲਗ-ਮਾਤ੍ਰੀ ਨੇਮਾਂ ਦਾ ਚੰਗੀ ਤਰ੍ਹਾਂ ਸੁਆਰ ਕੇ ਅਜੇ ਪ੍ਰਚਾਰ ਨਹੀਂ ਹੋਇਆ, ਜਿਸ ਦੇ ਫਲ-ਸਰੂਪ ਮਨ-ਮਤੀਏ ਗਿਆਨੀ ਅਜੇ ਵੀ ਆਪਣੀ ਪਰਪੰਚ-ਲੀਲ੍ਹਾ ਦੀ ਪੁਸ਼ਟੀ ਲਈ ਗੁਰਬਾਣੀ ਦੇ ਮਨ-ਮਰਜ਼ੀ ਅਨੁਸਾਰ ਅਰਥ ਕਰ ਕੇ ਸਾਦ-ਮੁਰਾਦੇ ਜਗਿਆਸੂਆਂ ਨੂੰ ਭੁਚਲਾਉਣ ਵਿਚ ਸਫਲ ਹੋ ਰਹੇ ਹਨ। ਇਹ ਠਗ-ਬਾਜ਼ੀ ਛੋਟੇ ਪੱਧਰ ਤੇ ਵੀ ਹੋ ਰਹੀ ਹੈ ਅਤੇ ਵਡੇ ਪੱਧਰ ਤੇ ਵੀ। ਰੂਸ ਵਿਚ ਵੀ ਗੁਰਬਾਣੀ ਦਾ ਟੀਕਾ ਕਰਵਾਉਣ ਦਾ ਉਪ੍ਰਾਲਾ ਕੀਤਾ ਜਾ ਰਿਹਾ ਹੈ। ਭਾਵੇਂ ਅਜੇ ਤਕ ਸਪੱਸ਼ਟ ਤੌਰ ਤੇ ਕੁਝ ਸਾਹਮਣੇ ਨਹੀਂ ਆਇਆ, ਪਰ ਅੰਦੇਸ਼ਾ ਹੈ ਕਿ ਇਸ ਦੇ ਪਿਛੇ ਗੁਰਬਾਣੀ ਨੂੰ ਮਾਰਕਸਵਾਦੀ ਸਿਧਾਂਤ ਦੀ ਪੁਸ਼ਟੀ ਲਈ ਹੱਥ ਠੋਕਾ ਬਣਾ ਕੇ ਵਰਤਣ ਦੀ ਭਾਵਨਾ ਕੰਮ ਕਰ ਰਹੀ ਹੈ।

ਕੁਝ ਵੀ ਹੋਵੇ, ਆਪਣਾ ਘਰ ਸੰਭਾਲਣ ਦੀ ਅਤੀਅੰਤ ਲੋੜ ਹੈ। ਗੁਰਬਾਣੀ ਦੇ ਸ਼ੁੱਧ ਅਤੇ ਸਹੀ



www.AKJ.Org

ਆਸ਼ੇ ਨੂੰ ਪ੍ਰਚਾਰਨ ਲਈ ਜ਼ਰੂਰੀ ਹੈ ਕਿ ਲਗ-ਮਾਤ੍ਰੀ ਨੇਮਾਂ ਬਾਰੇ ਜਾਣਕਾਰੀ ਸੌਖੇ ਅਤੇ ਸਪੱਸ਼ਟ ਸ਼ਬਦਾਂ ਵਿਚ ਛਾਪ ਕੇ ਸਮੂਹ ਗੁਰਬਾਣੀ-ਪ੍ਰੇਮੀਆਂ ਨੂੰ ਸੁਲੱਭ ਕੀਤੀ ਜਾਵੇ।

ਇਸ ਲੋੜ ਨੂੰ ਅਨੁਭਵ ਕਰ ਕੇ ਲਗ-ਮਾਤ੍ਰੀ ਨੇਮਾਂ ਨੂੰ ਸਰਲ ਤੇ ਸੁਖੈਨ ਸ਼ਬਦਾਂ ਰਾਹੀਂ ਉਘਾੜਨ ਦਾ ਨਿਮਾਣਾ ਜਿਹਾ ਉਦਮ ਕੀਤਾ ਜਾ ਰਿਹਾ ਹੈ। ਇਸ ਵਿਚ ਹੇਠ ਲਿਖੀਆਂ ਪੁਸਤਕਾਂ ਤੋਂ ਖੁਲ੍ਹੀ ਸਹਾਇਤਾ ਲਈ ਗਈ ਹੈ:–

(੧) ਗੁਰਬਾਣੀ ਵਿਆਕਰਣ ਕ੍ਰਿਤ ਪ੍ਰੋ: ਸਾਹਿਬ ਸਿੰਘ ਜੀ।
(੨) ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁਝੇ ਭੇਦ ਕ੍ਰਿਤ ਪ੍ਰਿੰ: ਤੇਜਾ ਸਿੰਘ ਜੀ।
(੩) ਲਗਾਂ ਮਾਤ੍ਰਾਂ ਦੀ ਵਿੱਲਖਣਤਾ ਕ੍ਰਿਤ ਭਾ: ਸਾ: ਭਾ: ਰਣਧੀਰ ਸਿੰਘ ਜੀ।

ਇਸ ਪੰਥਕ ਕਾਰਜ ਵਿਚ ਭਾਈ ਸਾਹਿਬ ਜੁਗਿੰਦਰ ਸਿੰਘ ਜੀ 'ਵੇਦਾਂਤੀ', ਭਾਈ ਸੇਵਾ ਸਿੰਘ ਅਤੇ ਕੁਝ ਹੋਰ ਵੀਰ ਭੈਣਾਂ ਵੀ ਦਾਸ ਦੇ ਭਾਈਵਾਲ ਹਨ।

ਜੋ ਜੋ ਟਿਪਣੀ ਜਾਂ ਸੁਝਾਅ ਗੁਰ-ਭਾਈਆਂ ਪਾਸੋਂ ਪ੍ਰਾਪਤ ਹੋਵੇਗਾ, ਉਸ ਨੂੰ ਗਹੁ ਨਾਲ ਵਿਚਾਰ ਕੇ ਉਸ ਦਾ ਲਾਭ ਉਠਾਣ ਦਾ ਯਤਨ ਕੀਤਾ ਜਾਏਗਾ।

---

## ਪਿੰਡ ਭੂੰਗਰਨੀ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ ਦਿਵਸ ਮਨਾਂਦੇ ਹੋਏ ਭੂੰਗਰਨੀ ਵਿਖੇ ਹਰ ਸਾਲ ਵਾਂਗ ਅਖੰਡ ਕੀਰਤਨੀ ਜਥਿਆਂ ਵਲੋਂ ੧੧ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਮਾਈ ਭਾਈ ਹੁਮ ਹੁਮਾ ਕੇ ਪੁਜੋ ਅਤੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਪਿੰਡ ਭੂੰਗਰਨੀ, ਹੁਸ਼ਿਆਰਪੁਰ–ਫਗਵਾੜਾ ਰੋਡ ਤੇ ਮੇਣੀਆਣਾ ਅੱਡਾ ਤੋਂ ਡੇਢ ਕੁ ਮੀਲ ਹੈ।

ਦਾਸਰੇ––ਸੁਖਮਨੀ ਸੇਵਾ ਸੋਸਾਇਟੀ, ਭੂੰਗਰਨੀ, ਜ਼ਿਲਾ ਹੁਸ਼ਿਆਰਪੁਰ।

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਸੰਯੁਕਤ

### *ਹੁਸ਼ਿਆਰਪੁਰ ਵਿਖੇ ਅਖੰਡ ਕੀਰਤਨ ਤੇ ਅਖੰਡ ਪਾਠ*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਮਨਾਂਦਿਆਂ ਹੋਇਆਂ ਅਖੰਡ ਕੀਰ-ਤਨੀ ਜੱਥਾ ਹੁਸ਼ਿਆਰਪੁਰ ਵਲੋਂ ਸ੍ਰੀ ਗੁਰੂ ਸਿੰਘ ਸਭਾ (ਰੇਲਵੇ ਰੋਡ) ਹੁਸ਼ਿਆਰਪੁਰ ਵਿਖੇ ਗੁਰਮਤਿ ਸਮਾਗਮ ਹੋ ਰਹੇ ਹਨ। ੨ ਮਾਰਚ ਵੀਰਵਾਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋਣਗੇ। ੪ ਮਾਰਚ ਸ਼ਨੀਵਾਰ ਨੂੰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਸ਼ਨੀਵਾਰ ੪ ਮਾਰਚ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ, ਜਿਸ ਦੇ ਭੋਗ ੫ ਮਾਰਚ ਐਤਵਾਰ ਸਵੇਰੇ ਪੈਣਗੇ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

## ਪਿੰਡ ਫ਼ਤਹਪੁਰ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਫਗਵਾੜਾ ਅਤੇ ਹੁਸ਼ਿਆਰਪੁਰ ਦੇ ਸਿੰਘਾਂ ਵਲੋਂ ਭਾਈ ਅਨੂਪ ਸਿੰਘ ਜੀ ਦੇ ਗ੍ਰਹਿ ਪਿੰਡ ਫ਼ਤਹਪੁਰ ਜ਼ਿਲਾ ਹੁਸ਼ਿਆਰਪੁਰ ਵਿਖੇ ੧੮ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਰਬੱਤ ਸੰਗਤਾਂ ਹਾਜ਼ਰੀ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਪਿੰਡ ਫਤਹਪੁਰ, ਹੁਸ਼ਿਆਰਪੁਰ–ਟਾਂਡਾ ਰੋਡ ਤੇ ੮ ਮੀਲਾਂ ਤੇ ਹੈ। ਹੁਸ਼ਿਆਰਪੁਰ ਤੋਂ ੮ ਵਜੇ ਰਾਤ ਟਰਾਲੀ ਚਲੇਗੀ।


www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੪)

[ਵਲੋਂ--ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

ਪਿਛੇ ਦਸਿਆ ਜਾ ਚੁਕਿਆ ਹੈ ਕਿ ਅਹਿਮਦ ਸ਼ਾਹ ਅਬਦਾਲੀ ਨੇ ਪਾਨੀਪਤ ਦੇ ਮੈਦਾਨ ਵਿਚ ਮਰਹੱਟਿਆਂ ਨੂੰ ਚਿੱਤ ਕਰ ਸੁਟਿਆ ਸੀ। ਦਿਲੀ ਦੇ ਤਖ਼ਤ ਨੂੰ ਆਪਣੇ ਰੱਥ ਦੇ ਪਹੀਏ ਨਾਲ ਚੰਗੀ ਤਰ੍ਹਾਂ ਨਰੜ ਲਿਆ। ਆਗਰਾ, ਮਥਰਾ, ਬਿੰਦਰਾਬਨ, ਮਹਾਂ ਬਨ, ਗੋਕਲ,ਅਲੀਗੜ੍ਹ ਆਦਿ ਨੂੰ ਤਾਂ ਪਹਿਲਾਂ ਹੀ (ਮਾਰਚ ੧੭੫੭ ਤਕ) ਦਰੜ ਸੁਟਿਆ ਸੀ। ਹੁਣ ਪਾਨੀਪਤ ਦਾ ਜੇਤੂ ਲੜਾਈ ਤੋਂ ਪਿਛੋਂ ਪੰਜਾਬ ਵਲ ਆਇਆ ਤੇ ੨੯ ਅਪ੍ਰੈਲ ੧੭੬੧ ਨੂੰ ਜਦ ਲਾਹੌਰ ਪੁਜਾ ਤਾਂ ਸਾਰੇ ਮੁਸਲਮਾਨ ਮੌਲਵੀ, ਮੁਲਾਂ ਮੁਲਾਣੇ, ਮੁਫ਼ਤੀ ਰੋਣ ਕੁਰਲਾਉਣ ਲਗੇ। ਦੁਹਾਈਆਂ ਦੇ ਦੇ ਕੇ ਕਹਿਣ ਲਗੇ ਕਿ ਤੁਹਾਡੇ ਹੁੰਦਿਆਂ ਸੁੰਦਿਆਂ ਸਿਖਾਂ ਨੇ ਸਾਡੀ ਇਹ ਬਾਬ ਕੀਤੀ ਹੈ ਤਾਂ ਫਿਰ ਤੁਹਾਡੇ ਚਲੇ ਜਾਣ ਤੋਂ ਬਾਅਦ ਸਾਡੇ ਨਾਲ ਕੀ ਬਣੇਗੀ। ਕਿਡਾ ਚੰਗਾ ਹੋਵੇ ਜੇ ਬਾਦਸ਼ਾਹ ਸਲਾਮਤ ! ਜਿਸ ਤਰ੍ਹਾਂ ਕਿ ਮਰਹੱਟਿਆਂ ਦੀ ਅਲਖ ਮੁਕਾਈ ਹੈ, ਇਹਨਾਂ ਸਿਖਾਂ ਕਾਫ਼ਰਾਂ ਦਾ ਵੀ ਖੁਰਾ-ਖੋਜ ਮਿਟਾ ਜਾਣ। ਅਸੀ ਮਾਸੂਮ ਤੇ ਦੀਨ ਦੁੱਖੀ ਲੋਕ ਤਦ ਹੀ ਸੁੱਖ ਦੀ ਨੀਂਦ ਸੌਂ ਸਕਾਂਗੇ।

ਉਸ ਵਕਤ ਬਾਦਸ਼ਾਹ ਨੇ ਉਹਨਾਂ ਨੂੰ ਹੌਸਲਾ ਤੇ ਧੀਰਜ ਦੇਂਦਿਆਂ ਕਿਹਾ ਸੀ ਕਿ ਹੁਣ ਤਾਂ ਫ਼ੌਜ ਥੱਕੀ ਹੁੱਟੀ ਹੈ। ਬੜੇ ਮਾਅਰਕੇ ਦੇ ਰਣ ਪਏ ਸਨ, ਜੋ ਸਰ ਕੀਤੇ ਹਨ। ਨਾਲੇ ਗਰਮੀਆਂ ਦਾ ਮੌਸਮ ਸਿਰ ਤੇ ਆ ਗਿਆ ਹੈ। ਮੈਂ ਅਗਲੇ ਸਾਲ ਤਾਜ਼ਾ-ਦੰਮ ਗ਼ਾਜ਼ੀਆਂ ਦਾ ਲਸ਼ਕਰ ਲੈ ਕੇ ਆਵਾਂਗਾ ਤੇ ਇਹ ਲਾਅਨਤ (ਸਿੱਖ) ਸਦਾ ਲਈ ਤੁਹਾਡੇ ਗਲੋਂ ਲਾਹ ਜਾਵਾਂਗਾ। ਦੁਨੀਆ ਦੇ ਤਖ਼ਤੇ ਤੋਂ ਇਹਨਾਂ ਦਾ ਨਾਮੋ-ਨਿਸ਼ਾਨ ਮਿਟਾ ਦਿਆਂਗਾ। ਤਦ ਤਕ ਮੈਂ ਏਡਾ ਪੱਕਾ ਬੰਦੋਬਸਤ ਕਰ ਕੇ ਜਾਵਾਂਗਾ ਕਿ ਕੋਈ ਕੁਸਕੇਗਾ ਵੀ ਨਹੀਂ, ਤੁਸੀਂ ਬੇਫ਼ਿਕਰ ਹੋ ਕੇ ਸੁਖ ਦੀ ਨੀਂਦ ਸੌਂ ਸਕੋਗੇ।

ਇਹੋ ਜਿਹੇ ਧੀਰਜ ਦਿਲਾਸੇ ਦੇ ਕੇ ਲਾਹੌਰ ਵਿਚ ਆਪਣਾ ਨਾਇਬ ਛਡ ਕੇ, ਆਪਣੀ ਵਲੋਂ ਪੰਜਾਬ ਦਾ ਬੜਾ ਹੀ ਪੱਕਾ ਬੰਦੋਬਸਤ ਕਰ ਕੇ ਆਪ ਕੰਧਾਰ ਨੂੰ ਚਲਾ ਗਿਆ।

ਕੰਧਾਰ ਅਪੜ ਕੇ ਉਸ ਨੇ ਖ਼ਾਲਸਾ ਜੀ ਦੇ ਖ਼ਿਲਾਫ਼ ਨੂਰਦੀਨ ਖਾਂ ਬਾਮਜ਼ਈ ਨੂੰ ਤਕੜੀ ਭਾਰੀ ਫੌਜ ਦੇ ਕੇ ਘਲਿਆ ਸੀ। ਨੂਰ ਦੀਨ ਖ਼ਾਂ ਦੀ ਸਿੰਘਾਂ ਜੋ ਗਤ ਬਣਾਈ ਸੀ, ਆਪ ਨੇ ਪੜ੍ਹ ਲਿਆ ਹੈ। ਬਾਮਜ਼ਈ ਤੋਂ ਪਹਿਲਾਂ ਖ਼ਵਾਜਾ ਮਿਰਜ਼ਾ ਜਾਨ ਤੇ ਫਿਰ ਉਸ (ਬਾਮਜ਼ਈ) ਤੋਂ ਪਿਛੋਂ ਖ਼ਵਾਜਾ ਉਬੇਦ ਖ਼ਾਨ ਦਾ ਜੋ ਹਸ਼ਰ ਕੀਤਾ ਸੀ, ਜ਼ਮਾਨੇ ਨੇ ਵੇਖਿਆ ਸੀ ਤੇ ਏਥੇ ਦੁਹਰਾਉਣ ਦੀ ਲੋੜ ਨਹੀਂ। ਖਾਲਸਾ ਜੀ ਹੁਣ ਚੜ੍ਹਦੀ ਕਲਾ ਵਿਚ ਸਨ। ਅਬਦਾਲੀ, ਪੰਜਾਬ ਦੇ, ਜੋ ਦਮਗਜੇ ਮਾਰ ਕੇ, ਪੱਕੇ ਬੰਦੋਬਸਤ ਕਰ ਕੇ ਗਿਆ ਸੀ, ਉਸ ਦੇ ਸਿੰਘਾਂ ਬਖੀਏ ਉਧੇੜ ਦਿਤੇ ਸਨ। ਅਬਦਾਲੀ ਦੇ ਨਾਇਬ ਖ਼ਵਾਜਾ ਉਬੇਦ ਖ਼ਾਨ ਨੂੰ ਗੁਜਰਾਂਵਾਲੇ ਲੱਕ-ਤੋੜਵੀਂ ਹਾਰ ਦਿਤੀ ਸੀ। ਹੁਣ ਸਿੰਘਾਂ ਉਸ ਨੂੰ ਘਰਕਾ ਕੇ ਲਾਹੌਰ ਦੇ ਕਿਲ੍ਹੇ ਵਿਚ ਵਾੜਿਆ ਹੋਇਆ ਸੀ। ਲਾਹੌਰ ਤੇ ਖ਼ਾਲਸਾ ਜੀ ਨੇ ਕਬਜ਼ਾ ਕਰ ਕੇ ਸ: ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਪਾਤਸ਼ਾਹ ਥਾਪ ਕੇ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦਿਤਾ ਸੀ। ਖਾਲਸਾ ਜੀ ਦੇ ਨਾਮ ਦਾ ਸਿੱਕਾ ਵੀ ਚਲਾ ਦਿਤਾ। ਇਹ ਵਾਕਿਆਤ ਸੰਮਤ ੧੮੧੮ ਬਿਕਰਮੀ ਦੇ ਹਨ।*

---

* ਬੜੇ ਅਫ਼ਸੋਸ ਤੇ ਹੈਰਾਨੀ ਨਾਲ ਇਹ ਲਿਖਣਾ ਪੈਂਦਾ ਹੈ ਕਿ ਪੰਜਾਬ ਦੇ ਕਿਸੇ ਇਤਿਹਾਸਕਾਰ ਨੇ ਸੰਮਤ ੧੮੧੮ ਬਿਕਰਮੀ (੧੭੬੧ ਈਸਵੀ) ਵਿਚ ਸਿੰਘਾਂ ਦੇ ਲਹੌਰ ਨੂੰ ਫ਼ਤਹ ਕਰ ਲੈਣ ਨੂੰ ਨਹੀਂ ਮੰਨਿਆ। ਪਰ

[ਬਾਕੀ ਫ਼ੁਟ ਨੋਟ ਸਫ਼ਾ ੩੧ ਕਾਲਮ ਪਹਿਲਾ ਹੇਠ]



www.AKJ.Org

''ਪੰਜਾਬ ਦਾ ਬੰਦੋਬਸਤ ਤਹਿਸ-ਨਹਿਸ (ਮਲੀਆ ਮੇਟ) ਕਰ ਦਿਤਾ ਹੈ, ਅਬਦਾਲੀ ਸਰਕਾਰ ਦੇ ਥਾਣੇ ਉਠਾ ਦਿਤੇ ਹਨ, ਲਾਹੌਰ ਤੇ ਸਿਖਾਂ ਦਾ ਪੂਰਨ ਕਬਜ਼ਾ ਹੈ ਤੇ ਸ: ਜੱਸਾ ਸਿੰਘ ਆਹਲੂ-ਵਾਲੀਆ ਲਾਹੌਰ ਦਾ ਬਾਦਸ਼ਾਹ ਹੈ, ਆਦਿ।'' ਜਦ ਇਹ ਖ਼ਬਰਾਂ ਸਮੇਤ ਘਲੀ ਹੋਈ ਮੁਹਿਮ ਦੀ ਦੁਰਦਸ਼ਾ ਦੀਆਂ ਖ਼ਬਰਾਂ ਦੇ ਅਹਿਮਦ ਸ਼ਾਹ ਨੇ ਸੁਣੀਆਂ ਤਾਂ ਉਹ ਸੜ ਬਲ ਕੇ ਕੋਲਾ ਹੋ ਗਿਆ। ਬਲਦੀ ਤੇ ਤੇਲ ਲਾਹੌਰ ਦੇ ਮੌਲਵੀਆਂ ਤੇ ਮੁਲਾਣਿਆਂ ਨੇ ਪਾਇਆ, ਜਿਨ੍ਹਾਂ ਨੇ ਖ਼ਾਲਸਾ ਜੀ ਦਾ ਉਹ ਅਸਲੀ ਸਿੱਕਾ ਜੋ ਲਾਹੌਰ ਦੇ ਕਬਜ਼ੇ ਤੋਂ ਬਾਅਦ ਚਾਲੂ ਕੀਤਾ ਸੀ, ਉਹ ਤਾਂ ਨਾ ਘਲਾਇਆ ਸਗੋਂ ਆਪਣੇ ਵਲੋਂ ਖ਼ਾਲਸਾ ਜੀ ਦਾ ਸਿੱਕਾ ਬਣਾ ਕੇ ਉਸ ਨੂੰ ਘਲਿਆ, ਜਿਸ ਪੁਰ ਫ਼ਾਰਸੀ ਅੱਖਰਾਂ ਵਿਚ ਇਹ ਸ਼ਬਦ ਲਿਖੇ ਸਨ :—

''ਮੁਲਕੇ ਅਹਿਮਦ ਗ੍ਰਿਫਤ, ਜੱਸਾ ਕਲਾਲ''

ਭਾਵ ਅਹਿਮਦ ਸ਼ਾਹ ਦਾ ਮੁਲਕ ਜੱਸੇ ਕਲਾਲ (ਸ: ਜੱਸਾ ਸਿੰਘ ਜੀ ਆਲੂਵਾਲੀਆ, ਨੇ ਦਬੱਾ ਲਿਆ। ਅਹਿਮਦ ਸ਼ਾਹ, ਪਾਨੀਪਤ ਦਾ ਵਜਈ ਇਹ ਸੁਣ ਕੇ ਬਰਦਾਸ਼ਤ ਨਾ ਕਰ ਸਕਿਆ ਕਿ ਉਸ ਦੇ ਮੁਲਕ ਨੂੰ ਇਕ ਕਲਾਲ ਨੇ ਮਾਰ ਲਿਆ ਤੇ ਕਬਜ਼ੇ ਵਿਚ ਕਰ ਲਿਆ ਹੈ। ਉਸ ਨੇ ਇਕ ਬੜੀ ਭਾਰੀ ਫ਼ੌਜ ਇਕੱਠੀ ਕੀਤੀ ਤੇ ਇਹ ਧਾਰ ਕੇ ਪੰਜਾਬ ਨੂੰ ਚੜ੍ਹ ਆਇਆ ਕਿ ਐਤਕੀਂ ਇਕ ਨਾ ਇਕ ਕਰ ਕੇ ਹੀ ਛਡਣੀ ਹੈ। ਪਿਛਲੇ ਸਾਲ ਜਿਵੇਂ ਮਰਹੱਟਿਆਂ ਦਾ ਖੁਰਾ-ਖੋਜ ਮੁਕਾਇਆ ਹੈ, ਐਤਕੀਂ ਇਹਨਾਂ ਕਾਫ਼ਰਾਂ ਦੀ ਅਲਖ ਮੁਕਾ ਕੇ ਹੀ ਕੰਧਾਰ ਨੂੰ ਮੁੜਨਾ ਹੈ। ਇਹ ਨਿਤ ਦੀ ਖਿੱਚ-ਖਿੱਚ ਖੈਂ-ਖੈਂ ਰਹਿਣ ਨਹੀ ਦੇਣੀ।

ਅਹਿਮਦ ਸ਼ਾਹ ਦਾ ਜੱਰਾਰ (ਬੇ-ਅੰਤਹਾ) ਲਸ਼ਕਰ ਮਾਰੋ ਮਾਰ ਕਰਦਾ ਰੁਹਤਾਸ ਪੁਜਾ। ਏਥੇ ਹੀ ਉਸ ਨੂੰ ਆਕਲ ਦਾਸ ਦਾ ਘਲਿਆ ਹੋਇਆ ਸਾਂਢਣੀ-ਸਵਾਰ ਮਿਲਿਆ, ਜਿਸ ਨੇ ਹਾਜ਼ਰ ਹੋ ਕੇ ਆਕਲ ਦਾਸ ਦੀ ਦੁਹਾਈ ਦੀ

---

[ਸਫ਼ਾ ੩੦ ਦੇ ਫ਼ੁਟਨੋਟ ਦੀ ਬਾਕੀ]

''ਖ਼ਜ਼ਾਨਾ-ਏ-ਆਮਰਾ'' ਜੋ ੧੮੧੯ ਬਿਕਰਮੀ ਵਿਚ ਲਿਖੀ ਗਈ ਸੀ, ਦੇ ਅਧਾਰ ਤੇ ਇਸ ਅਕੱਟ ਸਚਾਈ ਨੂੰ ਇੰਨ ਬਿੰਨ ਲਿਖਿਆ ਹੈ। ਇਸ ਦਾ ਕਰਤਾ ਗ਼ੁਲਾਮ ਅਲੀ ਖ਼ਾਂ ਆਜ਼ਾਦ ਹੈ ਤੇ ਏਸੇ ਵੇਲੇ ਹੀ ਹੋਇਆ ਹੈ। ਇਸ ਪੁਸਤਕ ਵਿਚ ਇਮਾਦ ਉੱਲ-ਮਲਕ ਗਾਜ਼ੀ ਉੱਦੀਨ, ਅਬੂਅਲ-ਮਨਸੂਰ ਖ਼ਾਨ ਸਫ਼ਦਰ ਜੰਗ, ਆਲਮਗੀਰ ਸਾਨੀ. ਸ਼ਾਹ ਆਲਮ ਸਾਨੀ, ਮਰਹੱਟਿਆਂ ਤੇ ਅਹਿਮਦ ਸ਼ਾਹ ਦੁਰਾਨੀ ਦੇ ੧੭੬੨ ਤਕ ਦਿਆਂ ਹੱਲਿਆਂ ਬਾਰੇ ਬੜੇ ਸੁਹਣੇ ਹਾਲਾਤ ਲਿਖੇ ਹਨ। ਇਸ ਵਿਚ ਦਰਜ ਹੈ:—

''ਸੂਬਾ ਪੰਜਾਬ ਵਿਚ ਰਹਿਣ ਵਾਲੀ ਸਿਖ ਫ਼ੌਜ ਪਰੰਪਰਾ ਤੋਂ ਆਪਣੇ ਅੰਦਰ ਫ਼ਸਾਦ ਤੇ ਸ਼ਰਾਰਤ ਦਾ ਮਾਦਾ ਰਖਦੀ ਹੈ ਅਤੇ ਇਸਲਾਮੀਆਂ ਨਾਲ ਇਹ ਵੈਰ ਤੇ ਕਰੜਾ ਤੁਅਸਬ ਰਖਦੇ ਹਨ। ਇਨ੍ਹਾਂ ਨੇ ਆਪਣੀ ਅੱਖੀਂ ਵੇਖਿਆ ਸੀ ਕਿ ਕਈ ਵਾਰ ਸ਼ਾਹ ਹਿੰਦੁਸਤਾਨ ਨੂੰ ਜਿੱਤ ਚੁਕਾ ਸੀ, ਪਰ ਇਹ ਆਪਣੇ ਮੂਰਖਪੁਣੇ ਤੋਂ ਨਾ ਹਟੇ। ਇਹਨਾਂ ਨੇ ਬਗ਼ਾਵਤ ਤੇ ਸ਼ੋਰਸ਼ ਕਰ ਦਿਤੀ ਅਤੇ ਲਾਹੌਰ ਵਿਚ ਸ਼ਾਹ ਦੇ ਨਾਇਬ ਨੂੰ ਮਾਰ ਦਿਤਾ ਅਤੇ ਆਪਣੀ ਕੌਮ ਵਿਚੋਂ ਇਕ ਜੱਸਾ ਸਿੰਘ ਨੂੰ ਪਾਤਸ਼ਾਹ ਬਣਾ ਕੇ ਤਖ਼ਤ ਉਤੇ ਬਿਠਾ ਦਿਤਾ ਅਤੇ ਸਿੱਕੇ (ਰੁਪਏ) ਦੇ ਮੂੰਹ ਨੂੰ ਉਸ ਦੇ ਨਾਮ ਨਾਲ ਕਾਲਾ ਕੀਤਾ ਅਤੇ ਲਾਹੌਰ ਸ਼ਹਿਰ ਦੇ ਉਸ ਗਿਰਦ-ਨਵਾਹ ਨੂੰ ਆਪਣੇ ਹੱਥ ਵਿਚ ਲਿਆ ਕੇ ਰੱਬ ਦੇ ਬੰਦਿਆਂ ਨੂੰ, ਵਿਸ਼ੇਸ਼ ਕਰਕੇ ਮੁਸਲਮਾਨਾਂ ਨੂੰ ਦੁੱਖ ਦੇਣ ਲਗੇ......।''

ਸ: ਕਰਮ ਸਿੰਘ ਜੀ ਹਿਸਟੋਰੀਅਨ ਏਸ ਸਿਲਸਿਲੇ ਵਿਚ ਲਿਖਦੇ ਹਨ:—''ਕਿਸੇ ਇਤਿਹਾਸਕਾਰ ਨੂੰ ਇਸ ਗੱਲ ਦਾ ਨਿਸਚਾ ਨਹੀਂ ਆਉਂਦਾ ਕਿ ਜਦ ਅਹਿਮਦ ਸ਼ਾਹ ਦੀ ਤਲਵਾਰ ਤੋਂ ਸਾਰਾ ਹਿੰਦੁਸਤਾਨ ਪਿਆ ਥਰ ਥਰ ਕੰਬਦਾ ਸੀ, ਕੋਈ ਕੌਮ ਅਹਿਮਦ ਸ਼ਾਹ ਦੇ ਨੱਕ ਹੇਠ ਇਤਨਾ ਹੌਸਲਾ ਕਰ ਸਕਦੀ ਸੀ ਕਿ ਉਸ ਦੀ ਹਕੂਮਤ ਨੂੰ ਉਲਟਾਣ ਦਾ ਜਤਨ ਕਰੇ। ਪਰ ਉਸ ਸਮੇਂ ਦੀ ਖ਼ਾਲਸਈ ਸਪਿਰਿਟ ਨੂੰ ਕੋਈ ਇਤਿਹਾਸਕਾਰ ਨਹੀਂ ਸਮਝ ਸਕਿਆ ਅਤੇ ਹਰ ਕੋਈ ਇਹ ਸਮਝਦਾ ਰਿਹਾ ਹੈ ਕਿ ਪਾਨੀਪਤ ਦੇ ਵਿਜੱਈ ਦਾ ਇਤਨਾ ਰੁਅਬ-ਦਾਬ ਸੀ ਕਿ ਹਿੰਦੁਸਤਾਨ ਦਾ ਕੋਈ ਹਾਕਮ ਅਹਿਮਦ ਸ਼ਾਹ ਦੇ ਉਲਟ ਤਲਵਾਰ ਚੁਕਣ ਦਾ ਹੌਸਲਾ ਨਹੀਂ ਕਰ ਸਕਦਾ ਸੀ।''

ਖ਼ਾਲਸਾ ਜੀ ਦੀ ਲਾਹੌਰ ਦੀ ਜਿੱਤ ਬਾਰੇ, ਜਿਸ ਦੀ ਪੁਸ਼ਟੀ ਇਕ ਸਮਕਾਲੀ ਇਤਿਹਾਸਕਾਰ, ਜਿਸ ਨੇ ਅਖੀਂ ਡਿਠੇ ਹਾਲਾਤ ਆਪਣੀ ਪੁਸਤਕ ਖਜ਼ਾਨਾ-ਏ-ਆਮਰਾ ਵਿਚ ਵਰਨਣ ਕੀਤੇ ਹਨ, ਏਡਾ ਵਡਾ ਚਟਾਨ ਵਰਗਾ ਪੁਖ਼ਤਾ ਸਬੂਤ ਪੇਸ਼ ਕਰਦਾ ਹੈ, ਇਹ ਯੋਗ ਨਹੀਂ ਕਿ ਇਤਿਹਾਕਾਰ ਇਸ ਸੱਚ ਤੋਂ ਮੂੰਹ ਮੋੜਨ ਜਾਂ ਇਸ ਘਾਲ ਤੇ ਮਾਅਰਕੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣ। ਸਵਰਨ ਸਿੰਘ



www.AKJ.Org

ਅਰਜ਼ੀ ਪੇਸ਼ ਕੀਤੀ*। ਏਥੇ ਹੀ ਫਿਰ ਆਕਲ ਦਾਸ ਦੀ ਦੂਜੀ ਚਿਠੀ ਮਿਲੀ ਕਿ ਛੇਤੀ ਬੱਹੁੜ ਸਿਰ ਦਿਆ ਸਾਈਆਂ, ਜਿੰਦ ਕੁੜਕੀ ਵਿਚ ਆਈ ਹੋਈ ਹੈ। ਭੋਰਾ ਮਾਸਾ ਵੀ ਦੇਰ ਹੋ ਗਈ ਤੇ ਸਾਡਾ, ਆਪ ਜੀ ਦੇ ਸਿਦਕੀ ਖ਼ੈਰ-ਖ਼ਾਹਾਂ ਤੇ ਵਫ਼ਾਦਾਰਾਂ ਦਾ ਸਿੰਘ ਨਾਮੋ-ਨਿਸ਼ਾਨ ਮਿਟਾ ਦੇਣਗੇ।

ਚੋਣਵੇਂ ਘੋੜ-ਚੜ੍ਹਿਆਂ ਦੇ ਦਸਤੇ ਇਕੱਠੇ ਕਰ ਕੇ ਰੁਹਤਾਸ ਛੱਡ ਕੇ ਅਬਦਾਲੀ ਹਨੇਰੀ ਵਾਂਗ ਜੰਡਿਆਲੇ ਵਲ ਨੂੰ ਵਧਿਆ। ਫ਼ੌਜ ਨੂੰ ਹੁਕਮ ਹੋਇਆ ਕਿ ਪਿੱਛੇ ਪਿੱਛੇ ਛੇਤੀ ਪਹੁੰਚੇ। ਆਪ ਜੰਡਿਆਲੇ ਲਾਗੇ ਆਣ ਢੁਕਾ। ਰੁਹਤਾਸ ਅਪੜਨ ਤੋਂ ਪਹਿਲਾਂ ਹੀ ਸਿੰਘਾਂ ਨੂੰ ਸੂਹ ਮਿਲ ਚੁਕੀ ਸੀ ਕਿ ਸ਼ਾਹ ਇਕ ਭਾਰੀ ਸੈਨਾ ਲੈ ਕੇ ਚੜ੍ਹਿਆ ਆ ਰਿਹਾ ਹੈ। ਸ: ਜੱਸਾ ਸਿੰਘ ਆਹਲੂਵਾਲੀਏ ਨੇ ਖ਼ਾਲਸਾ ਜੀ ਨੂੰ ਕਿਹਾ ਕਿ ਅਬਦਾਲੀ ਦੀ ਨੀਅਤ ਰਾਤ ਨੂੰ ਹੱਲਾ ਕਰਨ ਦੀ ਹੈ, ਫੌਰਨ ਪੈਂਤੜਾ ਬਦਲੋ ਤੇ ਜੰਡਿਆਲੇ ਦਾ ਘੇਰਾ ਛੱਡ ਕੇ ਬਿਆਸ ਤੋਂ ਪਾਰ ਹੋ ਜਾਵੋ। ਇਸ ਵਿਉਂਤ ਤੇ ਫਿਰ ਹੁਕਮ ਦੀ ਦੇਰ ਸੀ ਕਿ ਸਿੰਘ ਪਲ ਵਿਚ ਔਹ ਗਏ ਤੇ ਬਿਆਸੋਂ ਦੂਜੇ ਪਾਸੇ ਹੋ ਗਏ।

ਆਕਲ ਦਾਸ ਨੇ ਇਹ ਸਮਝ ਕੇ ਕਿ ਇਹ ਸਿੰਘਾਂ ਦੀ ਚਾਲ ਹੈ ਕਿ ਇੰਜ ਉਸ ਨੂੰ ਭੁਚਲਾ ਕੇ ਢਿਲਿਆਂ ਕਰ ਲੈਣ ਤੇ ਜਦ ਬੂਹੇ ਖੁਲ੍ਹ ਜਾਣਗੇ, ਤਾਂ ਬਾਜ ਵਾਂਗੂ ਆ ਪੈਣਗੇ, ਆਪਣੇ ਪ੍ਰਬੰਧ ਨੂੰ ਹੋਰ ਪੱਕਾ ਕੀਤਾ ਤੇ ਸੂਹੀਏ ਬਾਹਰ ਭੇਜੇ ਕਿ ਪਤਾ ਕਰਨ ਕਿ ਸਿੰਘ ਕਿਥੇ ਕੁ ਹਨ। ਸਿੰਘ ਤਾਂ ਬਿਆਸ ਟੱਪ ਚੁਕੇ ਸਨ। ਸੂਹੀਆਂ ਨੇ ਆਣ ਕੇ ਖ਼ਬਰ ਦਿਤੀ ਕਿ ਜੰਡਿਆਲਿਓਂ ਪਹਾੜ ਪਛਮ ਵਾਲੇ ਪਾਸੇ ਤਿੰਨਾਂ ਕੁ ਕੋਹਾਂ (੪ ਕੁ ਮੀਲ) ਤੇ ਇਕ ਬੰਦੇ ਨੂੰ ਵੇਖਿਆ ਹੈ ਜੋ ਇਕ ਵੱਡੇ ਛੱਤਰ ਥੱਲੇ ਬੈਠਾ ਸੀ, ਸਿਰ ਤੇ ਪੱਗ ਸੀ ਅਤੇ ਉਸ ਪੁਰ ੪ ਹੀਰੇ ਬਧੇ ਹੋਏ ਸਨ। ਸਾਹਮਣੇ ਉਸ ਦੇ ੧੨ ਜੰਗੀ ਜਵਾਨ ਬੰਦੂਕਾਂ ਫੜੀ ਬੜੇ ਸਤਿਕਾਰ ਨਾਲ ਖੜੇ ਸਨ। ਸੁਣਦਿਆਂ ਹੀ ਉਹ ਸਮਝ ਗਿਆ। ਬੱਸ ਗੱਲ ਉਹੋ, ਲੰਡੇ ਚਿੜੇ ਨੂੰ ਪਤਾ ਲੱਗ ਗਿਆ ਕਿ ਮਦਦ ਨੂੰ ਬਘਿਆੜ ਯਾਰ ਆ ਗਿਆ ਹੈ। ਝੱਟ ਨਜ਼ਰਾਂ ਨਿਆਜ਼ਾਂ ਲੈ ਕੇ ਸਿਰ ਦੇ ਸਾਈਂ ਪਾਸ ਜਾ ਹਾਜ਼ਰ ਹੋਇਆ ਤੇ ਮੂਹਰੇ ਰਖ ਕੇ ਚੁਫਾਲ ਡਿਗ ਕੇ ਵਾਰ ਵਾਰ ਸ਼ੁਕਰਾਨੇ ਦੇ ਸਜਦੇ ਕੀਤੇ। ਨਾਲੇ ਅਹਿਮਦ ਸ਼ਾਹ ਨੂੰ ਦਸਿਆ ਕਿ ੯੦ ਹਜ਼ਾਰ ਘੋੜ-ਸਵਾਰ ਸਿੱਖਾਂ ਨੇ ਮੈਨੂੰ ਘੇਰਾ ਪਾ ਛਡਿਆ ਸੀ।‡ ਮੈਂ ਤੁਹਾਡੀ ਮਿਹਰ ਤੇ ਆਸਰੇ ਨਾਲ ਉਹਨਾਂ ਦੀ ਕੋਈ ਪੇਸ਼ ਨਹੀਂ ਜਾਣ ਦਿਤੀ। ਬਸ ਹਜ਼ੂਰ ਦੇ ਏਧਰ ਤਸ਼ਰੀਫ਼ ਲਿਆਉਣ ਦੀ ਖ਼ਬਰ ਸੁਣਦੇ ਸਾਰ ਹੀ ਏਥੋਂ ਵਰੋਲਾ ਹੋ ਗਏ ਹਨ। ਇਹ ਕਾਫ਼ਰ ਭਲਾ ਹਜ਼ੂਰ ਅਗੇ ਠਹਿਰ ਸਕਦੇ ਹਨ।

ਅਬਦਾਲੀ ਦੇ ਕੈਂਪ ਵਾਸਤੇ ਰਸਦ ਪਾਣੀ ਦਾ ਆਕਲ ਦਾਸ ਨੇ ਪਰਬੰਧ ਬੜਾ ਢੁਕਵਾਂ ਕੀਤਾ। ਬੜੇ ਕੂਲੇ ਕੂਲੇ ਤੇ ਕਾਫੀ ਗਿਣਤੀ ਵਿਚ ਵੱਛੇ, ਵੱਛੀਆਂ ਦਾ ਬੰਦੋਬਸਤ ਵੀ ਆਕਲ ਦਾਸ ਨੇ ਬੜੇ ਚਾਅ ਨਾਲ ਕੀਤਾ। ਸ਼ਾਮ ਨੂੰ ਸ਼ਾਹ ਵਲੀ ਖ਼ਾਂ ੩੦੦੦ ਅਫ਼ਗਾਨ ਸਿਪਾਹੀ ਲੈ ਕੇ ਆ ਗਿਆ ਸੀ। ਜੰਡਿਆਲੀਆਂ ਦੇ ਗੁਰੂ ਨੇ ਆਏ ਯਾਰ ਤੇ ਯਾਰਾਂ ਦੀ ਰਜਵੀਂ ਸੇਵਾ ਕੀਤੀ। ਅਹਿਮਦ ਸ਼ਾਹ ਨੇ ਏਥੋਂ ਸੂਹੀਏ ਭੇਜੇ ਜੋ ਸਿੰਘਾਂ ਦੀ ਨਕਲੋ ਹਰਕਤ ਦੀਆਂ ਖ਼ਬਰਾਂ ਲਿਆਉਣ ਤੇ ਆਪ ਕੁਝ ਅਰਸਾ ਠਹਿਰ ਕੇ ਲਾਹੌਰ ਵਾਪਸ ਮੁੜ ਗਿਆ, ਜਿਥੇ ਉਸ ਦੀ ਪਿੱਛੇ ਆ ਰਹੀ ਫ਼ੌਜ ਪਹੁੰਚ

*ਗਿ: ਗਿਆਨ ਸਿੰਘ—ਸ਼ਮਸ਼ੇਰ ਖ਼ਾਲਸਾ ਨੰਬਰ 2, ਸਫ਼ਾ 204
ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ, ਸਫ਼ਾ 275

‡ਅਲੀਉੱਦੀਨ—ਇਬਰਤਨਾਮਾ ਸਫ਼ਾ 267-68;
ਹੁਸੈਨ ਸ਼ਾਹੀ—61-63
ਉਮਦਾ-ਤੁ-ਤਵਾਰੀਖ਼, ਪੰਨਾ 156-57, ਖ਼ੁਸ਼ਵਕਤ ਰਾਏ-78, ਤਾਰੀਖ਼ੇ ਸੁਲਤਾਨੀ-145; ਗਿ: ਗਿਆਨ ਸਿੰਘ--
ਪੰਥ ਪ੍ਰਕਾਸ਼ 812,

ਆਕਲ ਦਾਸ ਦਾ ਇਹ ਕਹਿਣਾ ਕਿ 90 ਹਜ਼ਾਰ ਸਿੰਘਾਂ ਨੇ ਉਸ ਨੂੰ ਘੇਰਿਆ ਸੀ, ਬਿਲਕੁਲ ਗਲਤ ਹੈ। ਇਹ ਗਿਣਤੀ ਬਾਦਸ਼ਾਹ ਨੂੰ ਚੱਕਰ ਵਿਚ ਪਾ ਕੇ ਬਹੁਤ ਫ਼ੌਜ ਚੜ੍ਹਾਉਣ ਤੋਂ ਹੀ ਮਕਸਦ ਸੀ, ਤਾਕਿ ਸਿੰਘ ਕੋਈ ਬਚ ਕੇ ਨਾ ਜਾ ਸਕੇ। ਨਾਂ ਭਾਵੇਂ ਆਕਲ ਦਾਸ ਸੀ ਪਰ ਕਰਤੂਤੋਂ ਪਾਕਲ ਦਾਸ ਸੀ। — ਸਵਰਨ ਸਿੰਘ


www.AKJ.Org

ਚੁਕੀ ਸੀ ।*

ਸਿੰਘ ਜੰਡਿਆਲੇ ਦਾ ਘੇਰਾ ਛੱਡ ਕੇ ਸਤਲੁਜ ਤੋਂ ਵੀ ਪਾਰ ਚਲੇ ਗਏ ਸਨ। ਇਸ ਦੇ ਕਈ ਕਾਰਨ ਸਨ :—

ਪਹਿਲਾ ਤਾਂ ਇਹ ਕਿ ਜਦ ਸਿੰਘਾਂ ਇਹ ਸੁਣਿਆ ਸੀ ਕਿ ਅਬਦਾਲੀ ਬੜੀ ਭਾਰੀ ਸੈਨਾ ਲੈ ਕੇ ਆਇਆ ਹੈ ਤੇ ਨੀਤ ਉਸ ਦੀ ਸਿੰਘਾਂ ਨਾਲ ਪੂਰਾ ਪੂਰਾ ਲੋਹਾ ਲੈਣ ਦੀ ਹੈ ਤੇ ਉਨ੍ਹਾਂ ਨੂੰ ਖ਼ਤਮ ਕਰਨ ਦੀ ਦਿਲੋਂ ਧਾਰ ਕੇ ਆਇਆ ਹੈ, ਸਿੰਘ ਆਪਣੇ ਟੱਬਰਾਂ ਟੀਹਰਾਂ ਨੂੰ ਕਿਸੇ ਨਵੇਕਲੀ ਤੇ ਸੁਰੱਖਿਅਤ ਥਾਵਾਂ ਤੇ ਆਪਣੇ ਸਾਕਾਂ ਸੰਬੰਧੀਆਂ ਜਾਂ ਸਜਣਾਂ ਮਿਤਰਾਂ ਪਾਸ ਭੇਜ ਦੇਣਾ ਚਾਹੁੰਦੇ ਸਨ। ਇਹਨਾਂ ਵਾਸਤੇ ਦੋ ਹੀ ਥਾਵਾਂ ਸਨ। ਇਕ ਤਾਂ ਲਹਿੰਦੇ ਦੱਖਣ ਵਾਲੇ ਪਾਸੇ ਬਾੜਾਂ ਸਿਖਾਂ ਪਾਸ, ਯਾਨੀ ਲਖੀ ਜੰਗਲ ਵਾਲੇ ਪਾਸੇ। ਤੇ ਜਾਂ ਰਾਏਪੁਰ ਗੁਜਰਵਾਲ ਤੋਂ ਬਹੁਤ ਥਲੇ ਦੱਖਣ ਵਾਲੇ ਪਾਸੇ। ਇਸ ਦਾ ਕਾਰਨ ਇਹ ਸੀ ਕਿ ਮਥਰਾ ਤੇ ਬਿੰਦ੍ਰਾਬਨ ਵਿਚ ਅਹਿਮਦਸ਼ਾਹ ਨੇ ੧੭੫੭ ਈ: ਵਿਚ ਹੋਲੀਆਂ ਤੋਂ ਥੋੜੇ ਦਿਨ ਪਿਛੋਂ ਬੇਅੰਤ ਇਕੱਠੇ ਹੋਏ ਲੋਕਾਂ ਦੇ ਖ਼ੂਨ ਨਾਲ ਨਵੇਂ ਸਿਰਿਉਂ ਹੋਲੀ ਖੇਡੀ ਸੀ। ਬੜਾ ਭਾਰੀ ਕਤਲਾਮ ਕੀਤਾ ਸੀ। ੧੭੬੧ ਈਸਵੀ ਵਿਚ ਪਾਨੀਪਤ ਦੀ ਜਿੱਤ ਪਿਛੋਂ ਚਾਰ-ਚੁਫੇਰੇ ਬੜੀ ਭਿਆਨਕ ਤਬਾਹੀ ਮਚਾਈ ਸੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਤੀਵੀਆਂ ਤੇ ਬੱਚੇ ਫੜ ਕੇ ਗ਼ੁਲਾਮ ਬਣਾ ਲਏ ਤੇ ਲੈ ਤੁਰੇ ਸਨ। (ਭਾਵੇਂ ਉਹ ਸਾਰੇ, ਸਿੰਘਾਂ ਜਿਹਲਮੋਂ ਉਰੇ ਉਰੇ ਹੀ ਛੁਡਾ ਲਏ ਸਨ। ਸਿੰਘ ਨਹੀਂ ਸਨ ਚਾਹੁੰਦੇ ਕਿ ਲੜਾਈ ਦਾ ਪਾਸਾ ਪਰਤ ਜਾਣ ਸਮੇਂ ਇਹ ਭਾਣਾ ਉਨ੍ਹਾਂ ਦੇ ਬਾਲ ਬੱਚੇ ਨਾਲ ਵਾਪਰੇ।

ਦੂਜੀ ਗੱਲ, ਜੋ ਜੰਗੀ ਨੁਕਤੇ ਤੋਂ ਸਭ ਤੋਂ ਜ਼ਿਆਦਾ ਮਹੱਹਤਾ ਵਾਲੀ ਸੀ ਉਹ ਇਹ ਸੀ ਕਿ ਟੱਬਰ ਟੀਹਰ ਤੇ ਬਾਲ ਬੱਚੇ ਦੇ ਖਲਜਗਣ ਤੋਂ ਅਟੰਕ ਹੋ ਕੇ ਉਹ ਦੁਰਾਨੀਆਂ ਨੂੰ ਚੰਗਾ ਘਰਕਾ ਸਕਦੇ ਸਨ ਤੇ ਇਹਨਾਂ ਜਰਵਾਣਿਆਂ ਨੂੰ ਨੱਕ ਦੇ ਰਾਹੀਂ ਰਜਵੇਂ ਲੋਹੇ ਦੇ ਚਣੇ ਚਬਾ ਸਕਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਵੈਰੀ ਦੇ ਪਿਛੇ ਲਗ ਕੇ, ਸਜਿਉਂ ਖਬਿਉਂ ਵਖੀਆਂ ਤੇ ਪਿਛੋਂ ਪੈ ਕੇ ਉਹਨਾਂ ਦਾ ਪੂਰਾ ਪੂਰਾ ਪ੍ਰਚੰਡ ਉਡਾ ਸਕਦੇ ਹਨ। ਇਕ-ਦੰਮ ਅਚਨਚੇਤ ਆਸਮਾਨੀ ਬਿੱਜਲੀ ਵਾਂਗ ਦੁਸ਼ਮਣ ਤੇ ਪੈਣਾ, ਪਲਾਂ ਵਿਚ ਪਰਖਚੇ ਉਡਾ ਦੇਣੇ (ਗਾਜ਼ੀਆਂ ਨੂੰ ਕਲਮਾ-ਏ-ਸ਼ਹਾਦਤ ਪੜ੍ਹਨ ਦਾ ਵੀ ਮੌਕਾ ਨਾ ਦੇਣਾ) ਜੋ ਕੁਝ ਹੱਥ ਆਉਣਾ, ਖ਼ਾਸ ਤੌਰ ਤੇ ਹਥਿਆਰ, ਲੈ ਕੇ ਔਹ ਜਾਣਾ, ਤੇ ਵੈਰੀ ਨੂੰ ਸੁਰਤ ਵੀ ਨਾ ਆਉਣ ਦੇਣੀ ਤੇ ਪਤਾ ਵੀ ਨਾ ਲੱਗਣ ਦੇਣਾ ਕਿ ਕਿਧਰੋਂ ਆਏ ਤੇ ਕਿਧਰ ਨੂੰ ਗਏ—ਪੈਣਾ ਓਦੋਂ ਜਦ ਕਿ ਦੁਸ਼ਮਣ ਦੇ ਖ਼ਿਆਲ ਵਿਚ ਵੀ ਨਾ ਹੋਵੇ ਕਿ ਹਮਲਾ ਹੋਣ ਵਾਲਾ ਹੈ। ਇਹ ਸੀ ਸਿੰਘਾਂ ਦਾ ਜੰਗੀ ਹੁਨਰ, ਜਿਸ ਪਰ ਨਾਦਰ ਤੇ ਅਹਿਮਦ ਸ਼ਾਹ ਵੀ ਦਿਲੋਂ ਅੱਸ਼ ਅੱਸ਼ ਕਰ ਉਠਦੇ ਸਨ। ਇਸ ਹੁਨਰ ਵਿਚ ਕੋਈ ਵੀ ਸਿੰਘਾ ਨੂੰ ਮਾਤ ਨਹੀਂ ਸੀ ਦੇ ਸਕਦਾ—ਤੇ ਇਹੋ ਸੀ ਤ੍ਰੀਕਾ ਜਿਸ ਨਾਲ ਅਬਦਾਲੀ ਦੇ ਜਬਾੜੇ ਚੰਗੇ ਭੰਨੇ ਜਾ ਸਕਦੇ ਸਨ। ਇਹੋ ਸਬੱਬ ਸੀ ਕਿ ਬਾਲ ਬੱਚੇ ਨੂੰ ਸਿੰਘ ਵੱਲਾ ਰਿੱਤੇ ਥਾਂ ਛੱਡ ਦੇਣਾ ਚਾਹੁੰਦੇ ਸਨ। ਏਸੇ ਲਈ ਜੰਡਿਆਲਿਉਂ ਪਿਛੇ ਹਟੇ ਸਨ।

ਤੀਜੀ ਗੱਲ ਜੋ ਸਿੰਘਾਂ ਦੇ ਸੀਨੇ ਵਿਚ ਸੱਲ ਪਾ ਰਹੀ ਸੀ, ਉਹ ਸੀ ਸ: ਦਿਆਲ ਸਿੰਘ ਬਰਾੜ ਦੀ ਜ਼ੈਨ ਖ਼ਾਂ ਸਰਹਿੰਦ ਦੇ ਗਵਰਨਰ ਹੱਥੋਂ ਅਜਾਈਂ ਮੌਤ। ਇਸ ਜ਼ੈਨ ਖ਼ਾਂ ਤੋਂ ਇਸ ਮੌਤ ਦਾ ਬਦਲਾ ਵੀ ਲੈਣਾ ਸੀ।

ਇਹਨਾਂ ਤਿੰਨਾ ਗੱਲਾਂ ਕਾਰਨ ਸਿੰਘ ਜੰਡਿਆਲੇ ਤੋਂ ਹਟ ਆਏ ਸਨ। ਮਲੇਰ ਕੋਟਲਾ ਤੋਂ ੧੦ ਕੁ ਮੀਲ ਦੂਰ ਰਾਏਪੁਰ ਤੇ ਗੁਜਵਾਲ ਦੇ ਦੱਖਣ ਵਾਲੇ ਪਾਸੇ ਸਿੰਘਾਂ ਦਾ ਦਲ (ਜੰਗੀ ਫ਼ੌਜ) ਤੇ ਵਹੀਰ (ਟੱਬਰ ਟੀਹਰ, ਨਾ ਲੜਨ ਵਾਲੇ Non Combatants) ਆਣ ਇਕੱਠੇ ਹੋਏ। ਮਲੇਰ

---

* ਅਲੀਉਦੀਨ—ਇਬਰਤਨਾਮਾ ਸਫ਼ਾ 267-68; ਹੁਸੈਨ ਸ਼ਾਹੀ—61-63, ਉਮਦਾ-ਤ-ਤਵਾਰੀਖ਼ i ਪੰਨਾ 156-57, ਖ਼ੁਸ਼ਵਕਤ ਰਾਏ—78; ਤਾਰੀਖ਼ੇ ਸੁਲਤਾਨੀ—145; ਗਿ: ਗਿਆਨ ਸਿੰਘ ਪੰਥ ਪ੍ਰਕਾਸ—812.



www.AKJ.Org

ਕੋਟਲੇ ਵਾਲਾ ਭੀਖਣ ਖ਼ਾਂ ਕੰਬ ਉਠਿਆ । ਝੱਟ ਜ਼ੈਨ ਖ਼ਾਂ ਨੂੰ ਸਹਾਇਤਾ ਲਈ ਸੱਦ ਲਿਆ । ਦੋਹਾਂ ਪਾਸ ਭਾਵੇਂ ਕਾਫ਼ੀ ਤਕੜੀ ਫ਼ੌਜ ਸੀ ਪਰ ਸਿੰਘਾਂ ਦੇ ਗਲ ਪੈਣ ਦਾ ਹੀਆ ਨਾ ਪਿਆ। ਝਟ ਅਬਦਾਲੀ ਵਲ ਤੇਜ਼ ਰਫਤਾਰ ਕਾਸਦ ਲਾਹੌਰ ਘਲੇ ਕਿ ਬੜੀ ਭਾਰੀ ਗਿਣਤੀ ਵਿਚ ਸਿੰਘ ਏਥੇ ਇਕੱਠੇ ਹੋਏ ਹੋਏ ਹਨ । ਬੜੇ ਚੰਗੇ ਢੰਗ ਨਾਲ ਚੁਫੇਰਿਉਂ ਘੇਰ ਕੇ ਤਬਾਹ ਕੀਤੇ ਜਾ ਸਕਦੇ ਹਨ। ਹਜ਼ੂਰ ਦੇਰ ਨਾ ਕਰਨ, ਇਹਨਾਂ ਦੀ ਤਬਾਹੀ ਦਾ ਫ਼ੌਰਨ ਯਤਨ ਕਰਨ* ।

## *ਅਬਦਾਲੀ ਦੀ ਸਿੱਖਾਂ ਉਤੇ ਚੜ੍ਹਾਈ--*

ਅਬਦਾਲੀ ਨੂੰ ਸਿੰਘਾਂ ਬਾਰੇ ਇਹ ਖਬਰ ਲਾਹੌਰ ਪੁਜੀ ਤੇ ਉਸ ਨੇ ਤੁਰੰਤ ਕੂਚ ਕੀਤਾ ਤੇ ਪਹਿਲੀ ਮਨਜ਼ਲ ਜੰਡਿਆਲੇ ਕੀਤੀ ਤੇ ਏਥੋਂ 'ਛੂਟ' ਕਰ ਕੇ ਦੂਜੀ ਮਨਜ਼ਲ ਤਲਵਨ ਕੀਤੀ ‡।

ਸਿੰਘ ਰਾਇਪੁਰ ਵਲ ਨੂੰ ਵਧ ਰਹੇ ਸਨ ਕਿ ਜਦ ਸੂਰਜ ਚੜ੍ਹਦੇ ਸਾਰ ਅਬਦਾਲੀ ਸਿੰਘਾਂ ਤੇ ਵਰ੍ਹ ਪਿਆ। ਲਾਹੌਰੋਂ ਅਬਦਾਲੀ ੩ ਫ਼ਰਵਰੀ ੧੭੬੨ ਨੂੰ ਚੜ੍ਹਿਆ ਸੀ ਤੇ ੪ ਫ਼ਰਵਰੀ ਨੂੰ ਤਲਵਨ ਤੋਂ ਸ਼ਾਹ ਨੇ ਜ਼ੈਨ ਖਾਂ ਨੂੰ ਕਾਸਦਾਂ ਰਾਹੀਂ ਅਖਵਾ ਘਲਿਆ ਸੀ ਕਿ ਅਗਲੇ ਦਿਨ ਯਾਅਨੀ ੫ ਫ਼ਰਵਰੀ ੧੭੬੨--ਭਾਵ ਅਗਲੇ ਸਵੇਰ ਸੱਜੇ ਪਾਸਿਉਂ ਹਮਲਾ ਕਰੇਗਾ ਤੇ ਤੁਸੀਂ ਸਾਰੀ ਫ਼ੌਜ ਝੋਕ ਕੇ ਕਾਫਰਾਂ ਨੂੰ ਖੱਬੇ ਪਾਸਿਉਂ ਪਵੋ ਤੇ ਨਾਲ ਹੀ ਮਲੇਰੀਆ ਭੀਖਨ ਖ਼ਾਂ, ਮੁਰਤਜ਼ਾ ਖ਼ਾਨ ਭਰੈਚ, ਕਾਸਮ ਖ਼ਾਂ ਮਾਰਹਲ, ਦੀਵਾਨ ਲਕਸ਼ਮੀ ਨਾਰਾਇਣ ਤੇ ਦੁਰਾਨੀਆਂ ਦੇ ਉਹ ਦਸਤੇ ਜਿਹੜੇ ਅਬਦਾਲੀ ਨੇ ਭੀਖਣ ਖ਼ਾਂ ਦੇ ਇਤਲਾਹ ਦੇਣ ਵਾਲੇ ਕਾਸਦਾਂ ਨਾਲ ਲਾਹੌਰੋਂ ਘਲੇ ਸਨ ਕਿ ਉਸ ਦੇ ਆਉਣ ਤਕ ਸਿੰਘਾਂ ਨੂੰ ਉਲਝਾਈ ਰਖਣ, ਨਾਲ ਲੈ ਕੇ ਸਿੰਘਾਂ ਨੂੰ ਅਗੋਂ ਵੀ ਡੱਕੋ। ਜ਼ੈਨ ਖ਼ਾਂ ਵਗੈਰਾ ਨੂੰ ਸ਼ਾਹ ਨੇ ਹੁਕਮ ਵੀ ਦਿਤਾ ਕਿ ਜ਼ੈਨ ਖ਼ਾਂ ਆਪਣੇ ਸਾਰਿਆਂ ਫ਼ੌਜੀਆਂ ਨੂੰ ਹਦਾਇਤ ਕਰੇ ਕਿ ਉਹ ਸਾਰੇ ਆਪਣੇ ਆਪਣੇ ਸਿਰਾਂ ਤੇ ਰੁੱਖਾਂ ਦੀਆਂ ਹਰੀਆਂ ਟਾਹਣੀਆਂ ਜਾਂ ਹਰਿਆ ਘਾਹ ਬੰਨ੍ਹ ਲੈਣ ਤਾਂਕਿ ਸਿੱਖਾਂ ਨਾਲੋਂ ਵਖੇਵਾਂ ਹੋ ਜਾਵੇ ਤੇ ਪਛਾਣ ਵਿਚ ਆ ਜਾਣ, ਕਿਉਂਕਿ ਉਸ ਨੇ (ਅਬਦਾਲੀ ਨੇ) ਉਜ਼ ਯਕਸਤਾਨ ਦੀਆਂ ਪਲਟਨਾਂ ਨੂੰ ਹੱਲੇ ਦਾ ਹੁਕਮ ਦਿਤਾ ਹੈ ਤੇ ਉਨ੍ਹਾਂ ਨੂੰ ਇਹ ਸਖ਼ਤ ਹੁਕਮ ਹੈ ਕਿ ਹਿੰਦੁਸਤਾਨੀ ਲਿਬਾਸ ਵਿਚ ਕੋਈ ਜੀਅ ਜੀਊਂਦਾ ਨਹੀਂ ਛਡਣਾ* ।

ਇਹ ਹੁਕਮ ਹਾਸਲ ਕਰ ਕੇ ਜ਼ੈਨ ਖ਼ਾਂ, ਭੀਖਣ ਖ਼ਾਂ ਮਲੇਰ ਕੋਟਲਾ, ਮੁਰਤਜ਼ਾ ਖ਼ਾਂ ਭਰੈਚ, ਕਾਸਮ ਖ਼ਾਂ ਮਾਰਹਲ ਅਤੇ ਦੀਵਾਨ ਲਕਸ਼ਮੀ ਨਾਰਾਇਣ ਆਦਿ, ਸਿੰਘਾਂ ਦੀ ਮੁਕੰਮਲ ਤਬਾਹੀ ਦੀਆਂ ਤਿਆਰੀਆਂ ਵਿਚ ਜੁਟ ਗਏ† ।

---

* ਗਿਆਨ ਸਿੰਘ—ਪੰਥ ਪ੍ਰਕਾਸ਼—815-16; ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ 444; ਸ: ਕਰਮ ਸਿੰਘ ਹਿਸਟੋਰੀਅਨ—ਮਹਾਰਾਜਾ ਆਲਾ ਸਿੰਘ; ਸ: ਕਰਮ ਸਿੰਘ ਹਿਸਟੋਰੀਅਨ—ਇਤਿਹਾਸਕ ਖੋਜ 74.

‡ਸ: ਕਰਮ ਸਿੰਘ ਹਿਸਟੋਰੀਅਨ—ਮਹਾਰਾਜਾ ਆਲਾ ਸਿੰਘ; ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ 277.

*ਖ਼ਜ਼ਾਨਾ-ਏ-ਆਮਰਾ—114; ਗਿ: ਗਿਆਨ ਸਿੰਘ ਪੰਥ ਪ੍ਰਕਾਸ਼ 815-16; ਹੁਸੈਨ ਸ਼ਾਹੀ 65; ਡਾ:ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ278

†ਤਹਿਮਾਸ-ਨਾਮਾ 110 ਉ-ਅ; ਰਤਨ ਸਿੰਘ—ਪ੍ਰਾਚੀਨ ਪੰਥ ਪ੍ਰਕਾਸ਼ 444; ਗਿ: ਗਿਆਨ ਸਿੰਘ—ਪੰਥ ਪ੍ਰਕਾਸ਼ 815; ਡਾ: ਗੰਡਾ ਸਿੰਘ-ਅਹਿਮਦ ਸ਼ਾਹ ਦੁਰਾਨੀ ਦੇ ਸਫ਼ਾ 277 ਉਤੇ ਦਿਤੇ ਹੋਏ ਫੁਟਨੋਟ ਵਿਚ ਬੜੀ ਤਫਸੀਲ ਨਾਲ ਦਸਦੇ ਹਨ — 10 ਰਜਬ 1175 ਹਿਜਰੀ ਮੁਤਾਬਕ 4 ਫ਼ਰਵਰੀ 1762 ਈਸਵੀ ਨੂੰ ਸ਼ਾਹ ਵਲੀ ਖ਼ਾ ਨੇ ਰਾਜਾ ਹਰ ਸਹਾਇ ਨੂੰ, ਜੋ ਕਿ ਰਾਜਾ ਸਵਾਏ ਮਾਧੋ ਸਿੰਘ ਵਾਲੀਏ ਜੈਪੁਰ ਦਾ ਵਕੀਲ ਸੀ, ਦੀ ਚਿਠੀ ਦੇ ਜਵਾਬ ਵਿਚ ਲਿਖਿਆ ਸੀ, "ਸ਼ਾਹ ਇਹਨਾਂ ਨਿਕੰਮੇ ਤੇ ਨਿਕਾਰੇ ਸਿਖਾਂ ਨੂੰ ਸਫ਼ਾ-ਹਸਤੀ ਤੋਂ ਨੇਸਤੋ ਨਾਬੂਦ ਕਰ ਕੇ ਦਿਲ ਪਰਚਾਵੇ ਲਈ ਸਰਹੰਦ ਤੇ ਉਸ ਦੇ ਉਦਾਲੇ ਪੁਦਾਲੇ ਸੈਰੋ ਸ਼ਿਕਾਰ ਨੂੰ ਜਾਵੇਗਾ । ਤੁਸੀਂ ਖ਼ਾਤਰ ਜਮ੍ਹਾ ਰੱਖੋ ਤੇ ਯਕੀਨ ਰਖੋ, ਆਪਣੇ ਵਾਲੇ ਪਾਸੇ ਦੇ ਹਾਲਾਤ ਤੋਂ ਲਿਖ ਕੇ ਸਾਨੂੰ ਜਾਣੂ ਕਰਾਉਂਦੇ ਰਹੋ ।" ਇਸ ਚਿਠੀ ਦੇ ਜਵਾਬ ਵਿਚ, ਕੁਝ ਸਮੇਂ ਤੋਂ ਪਿਛੋਂ ਹਰ ਸਹਾਇ ਨੇ ਸ਼ਾਹ ਨੂੰ ਲਿਖਿਆ ਕਿ ਮਹਾਰਾਜਾ ਮਾਧੋ ਸਿੰਘ ਜੈਪੁਰ ਨੇ ਆਪ ਜੀ ਦੇ ਤਾਬਿਆ ਰਹਿਣ ਵਜੋਂ ਤੇ ਆਪ ਜੀ ਲਈ ਅਥਾਹ ਪਿਆਰ ਸਤਿਕਾਰ ਵਜੋਂ ਭੀਮ ਸਿੰਘ ਰਠੌਰ ਨੂੰ ਨੀਯਤ ਕੀਤਾ ਹੈ। ਸ਼ਹਿਨਸ਼ਾਹ ਦੀ ਖ਼ਿਦਮਤ ਵਿਚ ਹਾਜ਼ਰ ਹੋ ਕੇ ਸਭ ਕੁਝ ਅਰਜ਼ ਕਰੇ ਤੇ ਉਸ ਪ੍ਰਤੀ (ਮਹਾਰਾਜਾ ਮਾਧੋ ਸਿੰਘ ਪ੍ਰਤੀ) ਸ਼ਹਿਨਸ਼ਾਹ ਸਲਾਮਤ ਦਾ ਹੁਕਮ ਹਾਸਲ ਕਰੇ ।

ਮੁਰਾਸਲਾਤ ਅਹਿਮਦ ਸ਼ਾਹ ਦੁਰਾਨੀ ਨੰਬਰ 36, 39



www.AKJ.Org

## ਘਲੂਘਾਰੇ ਵਾਲਾ ਦਿਨ:--

੧੧ ਰਜਬ ੧੧੭੫ ਹਿਜਰੀ ਮੁਤਾਬਕ ੫ ਫ਼ਰਵਰੀ ੧੭੬੨ ਦੀ ਸਵੇਰ ਹੁੰਦਿਆਂ ਸਾਰ ਹੀ ਜ਼ੈਨ ਖ਼ਾਂ ਆਪਣੇ ਅਫ਼ਗਾਨੀ ਆਕਾ ਦੇ ਹੁਕਮ ਅਨੁਸਾਰ ਆਪਣੀ ਬਹਾਦਰ ਫ਼ੌਜ ਲੈ ਕੇ ਸਿੰਘਾਂ ਵਲ ਵਧਿਆ ਤੇ ਲਾਗੇ ਢੁਕਾ । ਕਾਸਮ ਖ਼ਾਂ ਨੂੰ ਹੱਲੇ ਦਾ ਹੁਕਮ ਹੋਇਆ।

ਕੁਪ ਰਹੀੜਾ ਪਿੰਡ ਲਾਗੇ ਜੋ ਮਲੇਰ ਕੋਟਲੇ ਤੋਂ ਧੂਰੀ ਨੂੰ ਜਾਂਦਿਆਂ ਅਗਲਾ ਰੇਲਵੇ ਸਟੇਸ਼ਨ ਹੈ, ਕਾਸਮ ਖ਼ਾਂ ਨੇ ਵਹੀਰ ਤੇ ਹੱਲਾ ਕੀਤਾ। ਵਹੀਰ ਵਿਚ ਔਰਤਾਂ, ਬੱਚੇ, ਬੁੱਢੇ ਠੇਰੇ, ਜ਼ਖ਼ਮੀ, ਇਹਨਾਂ ਦੀ ਟਹਿਲ ਸੇਵਾ ਕਰਨ ਵਾਲੇ, ਹਾਮਲਾ ਔਰਤਾਂ, ਬਾਲਾਂ ਵਾਲੀਆਂ ਔਰਤਾਂ, ਗੱਡੇ ਭੇਡੇ, ਰਸਦ ਪਾਣੀ, ਤੰਬੂ, ਪੱਲੇ, ਛੋਲਦਾਰੀਆਂ ਤੇ ਇਸ ਕਿਸਮ ਦਾ ਹੋਰ ਮਾੜਾ-ਮੋਟ ਨਿੱਕ-ਸੁੱਕ ਸੀ । ਵਹੀਰ ਵਿਚ ਸਾਰੇ ਹੀ ਬਿਨ-ਹਥਿਆਰਾਂ ਤੋਂ ਸਨ। ਦਲ ਤੇ ਵਹੀਰ ਦੀ ਰਲਾ ਕੇ ਕੁਲ ਗਿਣਤੀ ਮੁਸ਼ਕਲ ਨਾਲ ੩੦ ਕੁ ਹਜ਼ਾਰ ਸੀ। ਕਾਸਮ ਖ਼ਾਂ ਦਾ ਇਹ ਹੱਲਾ ਸੂਰਜ ਚੜ੍ਹਨ ਤੋਂ ਥੋੜ੍ਹਾ ਜਿਹਾ ਚਿਰ ਪਹਿਲਾਂ ਹੋਇਆ ਸੀ । ਇਹ ਹੱਲਾ ਸੁਣਦਿਆਂ ਸਾਰ ਦਲ ਵਿਚੋਂ ਸਿੰਘ ਸਰਦਾਰ ਬਿਜਲੀ ਵਾਂਗ ਗਏ, ਜੁ ਵਹੀਰ ਨੂੰ ਬਚਾਇਆ ਜਾਵੇ । ਕਾਸਮ ਖ਼ਾਂ ਸਿੰਘਾਂ ਦੀ ਤੇਗ ਦੀ ਮਾਰ ਅੱਗੇ ਇਕ ਪਲ ਵੀ ਨਾ ਠਹਿਰ ਸਕਿਆ। ਆਪਣੇ ਸਾਰੇ ਬਹਾਦਰ ਗਾਜ਼ੀ ਲੈ ਕੇ ਕਮਾਨੋਂ ਛੁਟੇ ਤੀਰ ਵਾਂਗ ਨਠਿਆ ਤੇ ਮਲੇਰ ਕੋਟਲਿਓਂ ਉਰੇ ਪਿਛਾਂਹ ਭੌਂ ਕੇ ਵੀ ਨਾ ਵੇਖਿਆ। ਇਹ ਏਨਾ ਡਰਿਆ ਤੇ ਇਸ ਤਰ੍ਹਾਂ ਅਲੋਪ ਹੋਇਆ ਕਿ ਲੜਾਈ ਭਾਵੇਂ ਕੁਤਬੇ ਬਾਹਮਣੀਆਂ ਤਕ ੧੦ ਘੰਟਿਆਂ ਤੋਂ ਵੀ ਵੱਧ ਹੁੰਦੀ ਰਹੀ, ਪਰ ਇਹ ਪਿਉ ਦਾ ਪੁੱਤ ਨੇੜੇ ਨਹੀਂ ਢੁਕਾ । ਕਿੰਨੀਆਂ ਸਧਰਾਂ ਲੈ ਕੇ ਆਇਆ ਹੋਵੇਗਾ ਸਿੰਘਾਂ ਦੇ ਪੂਰਨ ਖਾਤਮੇ ਦੀਆਂ, ਇਹ ਵਚਾਰਾ ਕਾਸਮ ਖ਼ਾਂ !

ਅਜੇ ਸੂਰਜ ਨਹੀਂ ਸੀ ਚੜ੍ਹਿਆ ਕਿ ਅਬ-ਦਾਲੀ ਵੀ ਆਣ ਟੁੱਟਾ। ਖ਼ਾਲਸਾ ਦਲ ਵਾਲੇ ਦੂਰੋਂ ਜਿਸ ਨੂੰ ਵਿਸਾਖ ਵਿਚ ਫੁਲੇ ਕੇਸੂ ਤੇ ਕਰੀਰਾਂ ਦੇ ਫੁੱਲਾਂ ਵਰਗਾ ਕੁਝ ਸਮਝਦੇ ਸਨ, ਇਹ ਸਨ ਸੁਰਖ਼ ਵਰਦੀਆਂ ਉਜ਼ਬਕ ਦਸਤਿਆਂ ਦੀਆਂ ਤੇ ਕਜ਼ਲਬਾਸ਼ਾਂ ਦੀਆਂ । ਚੜ੍ਹਦੇ ਸੂਰਜ ਨੇ ਦੋਹਾਂ ਦਲਾਂ ਦਾ ਭੇੜ ਵੇਖਿਆ । ਖ਼ਾਲਸਾ ਜੀ ਵੀ ਹੁਣ ਸੰਭਲ ਕੇ ਸ਼ੇਰਾਂ ਵਾਂਗ ਜੁਟ ਪਏ । ਲਗ ਪਈਆਂ ਤੀਰਾਂ ਤੁਫ਼ੰਗਾਂ ਦੀਆਂ ਸੱਟਾਂ ਦੋਹਾਂ ਪਾਸਿਆਂ ਤੋਂ ਪੈਣ, ਤੇ ਲਗ ਪਏ ਸਥਰ ਲਹਿਣ।

ਕਾਸਮ ਖ਼ਾਂ ਜਦ ਮਲੇਰ ਕੋਟਲੇ ਵਲ ਨੂੰ ਨਠ ਗਿਆ ਸੀ ਤਾਂ ਤਹਿਮਾਸ ਖ਼ਾਂ (ਤਹਿਮਾਸ-ਨਾਮੇ ਦਾ ਲਿਖਾਰੀ) ਆਪਣੇ ਨਾਲ ਦਿਆਂ ਸਮੇਤ ਭਜ ਕੇ ਮੁਰਤਜ਼ਾ ਖਾਨ ਭਰੈਚ ਪਾਸ ਇਕ ਟਿੱਬੇ ਤੇ ਜਾ ਚੜ੍ਹਿਆ, ਜਿਸ ਨਾਲ ਕਿ ੫੦੦ ਲੜਾਕੇ ਸਨ। ਏਨੇ ਚਿਰ ਨੂੰ ਅਹਿਮਦ ਸ਼ਾਹ ਦਿਆਂ ਦਸਤਿਆਂ ਨੇ ਇਹਨਾਂ ਨੂੰ ਸਿੱਖਾਂ ਦੇ ਹਮਾਇਤੀ ਸਮਝ ਕੇ ਆਣ ਘੇਰਿਆ। ਸਮੇਂ ਦੀ ਨਜ਼ਾਕਤ ਨੂੰ ਭਾਂਪਦਾ ਹੋਇਆ ਤਹਿਮਾਸ ਖਾਂ, ਜਿਸ ਦੇ ਸਿਰ ਤੇ ਟੋਪੀ ਸੀ, ਅਫ਼ਗਾਨ ਦਸਤਿਆਂ ਵਲ ਵਧਿਆ ਤੇ ਦਸਿਆ ਕਿ ਉਹ ਸਾਰੇ ਜ਼ੈਨ ਖ਼ਾਂ ਦੇ ਬੰਦੇ ਹਨ । ਏਨੇ ਨੂੰ ਅਹਿਮਦ-ਸ਼ਾਹ ਵੀ ਪਹੁੰਚ ਗਿਆ ਤੇ ਉਸ ਨੇ ਮੁਰਤਜ਼ਾ ਖ਼ਾਂ ਦਾ ਬੜਾ ਆਦਰ ਕੀਤਾ । ਉਸ ਨੂੰ ਆਪਣਾ ਸ਼ਾਲ ਸਤਿਕਾਰ ਵਜੋਂ ਬਖ਼ਸ਼ਿਆ । ਨਾਲ ਹੀ ਹੁਕਮ ਦਿਤਾ ਕਿ ਉਹ ਆਪਣੇ ਸਾਰੇ ਗਾਜ਼ੀ ਲੈ ਕੇ ਸ਼ਾਹ ਵਲੀ ਖ਼ਾਂ ਤੇ ਜ਼ੈਨ ਖ਼ਾਂ ਨਾਲ ਜਾ ਮਿਲੇ । ਉਹ ੮ ਹਜ਼ਾਰ ਸਵਾਰਾਂ ਨਾਲ ਸਿੱਖਾਂ ਤੇ ਹੱਲਾ ਕਰਨ ਵਾਲੇ ਹਨ । ਉਹ ਜਾਣ ਤੇ ਜਾ ਕੇ ਉਨ੍ਹਾਂ ਦੀ ਗਿਣਤੀ ਵਧਾਉਣ । ਇਹ ੬੦੦ ਦੇ ਕਰੀਬ ਸਨ ਤੇ ਝਟ ਘੋੜੇ ਭਜਾ ਕੇ ਜ਼ੈਨ ਖਾਂ ਨਾਲ ਜਾ ਮਿਲੇ।

ਖਾਲਸਾ ਜੀ ਭਾਵੇਂ ਅਚਨਚੇਤ ਬਹੁੱਤ ਹੀ ਬੁਰੀ ਤਰ੍ਹਾਂ ਆਪ ਤੋਂ ਕਿਤੇ ਭਾਰੀ ਹਥਿਆਰਾਂ ਨਾਲ ਲੈਸ ਫ਼ੌਜ ਨਾਲ ਘਿਰ ਗਏ ਸਨ, ਪਰ ਭੋਰਾ ਨਹੀਂ ਘਬ-ਰਾਏ, ਰਤਾ ਮਾਸਾ ਮਲਾਲ ਨਹੀਂ ਕੀਤਾ। ਅਕਾਲ ਪੁਰਖ ਤੇ ਭਰੋਸਾ ਰਖ ਕੇ ਚੜ੍ਹਦੀ ਕਲਾ ਵਿਚ ਰਹੇ । ਖਾਲਸਾ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਰਾਹੀਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਾਹਰਾਜ ਦੀ ਬਖਸ਼ੀ



www.AKJ.Org

ਤਾਕਤ ਦਾ ਸਹੀ ਵਿਖਾਵਾ ਕੀਤਾ ਤੇ ਦੁਨੀਆ ਨੂੰ ਚਕ੍ਰਿਤ ਕਰ ਦਿਤਾ।

ਅਹਿਮਦ ਸ਼ਾਹ ਦੇ ਤੂਫ਼ਾਨ ਵਰਗੀ ਫੁਰਤੀ ਦੇ ਹਮਲੇ ਨੂੰ ਰੋਕ ਕੇ ਖ਼ਾਲਸਾ ਜੀ ਨੇ ਝੱਟ ਮਸ਼ਵਰਾ ਕੀਤਾ ਤੇ ਫ਼ੈਸਲਾ ਕੀਤਾ ਕਿ ਵਹੀਰ ਨੂੰ ਮਾਲਵੇ ਵੱਲ ਤੋਰੀਏ ਤੇ ਆਪ ਵੈਰੀ ਨੂੰ ਰੋਕੀ ਰਖੀਏ। ਇਸ ਸਮੇਂ ਸੇਖੂ ਸਿੰਘ ਹੰਬਲ ਵਾਲਾ ਕੈਥਲ ਵਾਲੇ ਭਾਈ ਕਿਆਂ ਦਾ ਵਕੀਲ, ਮਹਾਰਾਜਾ ਆਲਾ ਸਿੰਘ ਦਾ ਵਕੀਲ ਭਾਈ ਸੰਗੂ ਸਿੰਘ ਤੇ ਤੀਜਾ ਵਕੀਲ ਭਾਈ ਬੁਢਾ ਸਿੰਘ ਦਾ ਸੀ, ਜੋ ਸਿੰਘਾਂ ਦੇ ਨਾਲ ਸਨ। ਇਹ ਦੇਸ਼ ਦੇ ਸੂਹੀਏ ਸਨ। ਸੋ ਸਿੰਘਾਂ ਨੇ ਵਹੀਰ ਇਹਨਾਂ ਦੇ ਸਪੁਰਦ ਕੀਤਾ ਕਿ ਆਪਣੇ ਇਲਾਕਿਆਂ ਨੂੰ ਲੈ ਜਾਣ ਤੇ ਆਪ ਦੁਰਾਨੀਆਂ ਦੇ ਮੌਤ ਰੂਪੀ ਹੜ੍ਹ ਅਗੇ ਚਟਾਨ ਬਣ ਕੇ ਡੱਟ ਗਏ। ਅਹਿਮਦ ਸ਼ਾਹ ਨੇ ਖਿੱਝ ਖਿੱਝ ਕੇ ਬੜੇ ਗੁਸੇ ਵਿਚ ਛੇ ਹੱਲੇ ਕੀਤੇ। ਕਿਸੇ ਹੱਦ ਤਕ ਉਸ ਦਾ ਪਾਸਾ ਭਾਰਾ ਵੀ ਹੋ ਗਿਆ, ਪਰ ਸਿੰਘਾਂ ਵਿਚ ਕਿਸੇ ਕਿਸਮ ਦੀ ਹਫ਼ੜਾ ਦਫ਼ੜੀ ਜਾਂ ਘਬਰਾ-ਹਟ ਨਾ ਪੈਦਾ ਕਰ ਸਕਿਆ, ਤੇ ਨਾ ਹੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਪੈਰਾਂ ਤੋਂ ਹਿਲਾ ਸਕਿਆ।

## ਵਹੀਰ ਦਾ ਮਾਲਵਾ ਦੇਸ਼ ਨੂੰ ਤੁਰਨਾ ਤੇ ਉਸ ਪਰ ਹਮਲਾ—

ਇਹ ਤਿੰਨੇ ਵਕੀਲ ਤੇ ਨਾਲ ਥੋੜੇ ਜਿਹੇ ਸਿੰਘ ਵਹੀਰ ਨੂੰ ਮਾਲਵੇ ਦੇ ਅੰਦਰੂਨੀ ਹਿੱਸੇ ਵੱਲ ਨੂੰ ਲੈ ਤੁਰੇ। ਵਹੀਰ ਅਜੇ ੨ ਕੋਹ (ਤਿੰਨ ਕੁ ਮੀਲ) ਹੀ ਅੱਗੇ ਗਿਆ ਸੀ ਕਿ ਮਲੇਰ ਕੋਟਲੇ ਵਾਲੇ ਪਾਸਿਓਂ ਭੀਖਣ ਖਾਂ, ਸ਼ਾਹ ਵਲੀ ਖ਼ਾਂ ਤੇ ਜ਼ੈਨ ਖਾਂ ਆਪਣੀ ਪੂਰੀ ਤਾਕਤ ਨਾਲ ਇਹਨਾਂ ਉਤੇ ਟੁਟ ਪਏ। ਗੱਡੇ, ਪਸ਼ੂ, ਡੰਗਰ ਤੇ ਜ਼ਖਮੀਆਂ ਤੇ ਬੀਮਾਰਾਂ ਦੇ ਕਾਰਨ ਵਹੀਰ ਬਹੁਤਾ ਤੇਜ਼ ਨਾ ਚੱਲ ਸਕਿਆ। ਦੁਰਾਨੀਆਂ ਤੇ ਦੇਸੀ ਫ਼ੌਜਾਂ ਨੇ ਬੜੇ ਕਹਿਰੀ ਤੇ ਤੁੰਦੀ ਵਾਲੇ ਹੱਲੇ ਕਰਨੇ ਸ਼ੁਰੂ ਕਰ ਦਿਤੇ ਸਨ। "ਅੱਲਾ ਹੂ ਅਕਬਰ" ਦੇ ਨਾਅਰੇ ਮਾਰ ਕੇ, ਨਗਾਰੇ ਖੜਕਾ ਖੜਕਾ ਆਸਮਾਨ ਗੂੰਜਾ ਰਹੇ ਸਨ। ਧੂੜ ਤੇ ਘਟਾ ਉਤਾਂਹ ਆਸਮਾਨ ਨੂੰ ਚੜ੍ਹ ਰਿਹਾ ਸੀ। ਘੋੜਿਆਂ ਦੀ ਹਿਣਹਿਣਾਹਟ, ਬੰਦੂਕਾਂ ਰਹਿਕਲਿਆਂ ਦੇ ਧੜਾਕੇ, ਤੀਰਾਂ ਦੀ ਸਰੜ ਸਰੜ, ਜ਼ਖਮੀਆਂ ਦੀ ਚੀਖ ਚਿਲਾਹਟ, ਤੜਫਦੇ ਲੁਛਦੇ ਸਰੀਰ ਤੇ ਅੰਗ, ਢਾਲਾਂ ਤੇ ਕਿਰਪਾਨਾਂ, ਤਲ-ਵਾਰਾਂ ਦੀਆਂ ਵਾਨਾਂ ਵਾਂਗ ਸੱਟਾਂ ਪੈ ਰਹੀਆਂ ਸਨ ਤੇ ਦੋਵੇਂ ਧਿਰਾਂ ਅੱਜ ਇਕ ਤੋਂ ਇਕ ਕਰਨ ਤੇ ਤੁਲੀਆਂ ਹੋਈਆਂ ਸਨ। ਖ਼ਾਲਸਾ ਜੀ ਪਰ ਬੜਾ ਖ਼ੌਫਨਾਕ ਸਮਾਂ ਸੀ। ੩੦ ਕੁ ਹਜ਼ਾਰ ਸਿੰਘਾਂ ਉਤੇ ਅਬਦਾਲੀ, ਭੀਖਨ ਖ਼ਾਨ, ਜ਼ੈਨ ਖਾਂ, ਦੀਵਾਨ ਲਛਮੀ ਨਾਰਾਇਣ ਦੀਆਂ ਮਿਲਵੀਆਂ ਫ਼ੌਜਾਂ ਲੱਖ ਕੁ ਦੀ ਗਿਣਤੀ ਵਿਚ ਸਨ। ਹਰ ਪਿੰਡੋਂ ਰੰਗੜ, ਗੁਜਰ, ਤੇਲੀ, ਸੱਕੇ, ਆਦਿ ਨਾਲ ਵੱਖਰੇ ਰਲਦੇ ਜਾਂਦੇ ਸਨ।

ਸਿੰਘਾਂ ਨੇ ਹੁਣ ਵਹੀਰ ਦੇ ਉਦਾਲੇ ਘੇਰਾ ਬਣਾ ਲਿਆ ਸੀ। ਇਹ ਇਕ ਕਿਸਮ ਦਾ ਗੋਲ ਕਿਲ੍ਹਾ ਸੀ, ਜਿਹੜਾ ਵਹੀਰ ਨੂੰ ਬਚਾਉਂਦਾ ਹੋਇਆ ਰੋਹੀ ਵਲ ਨੂੰ ਅਗਾਂਹ ਵਧੀ ਵੀ ਜਾਂਦਾ ਸੀ। ਇਸ ਕਿਲ੍ਹੇ ਨੂੰ ਤੋੜਨ ਲਈ ਦੁਰਾਨੀਆਂ ਦਾ ਹੁਣ ਤੁਮਣ ਉੱਤੇ ਤੁਮਣ ਚੜ੍ਹਿਆ ਆਉਂਦਾ ਸੀ ਤੇ ਸਿੰਘ ਸਰਦਾਰ ਹਰ ਪਾਸਿਓਂ ਅੱਗੇ ਹੋ ਹੋ ਕੇ ਵਹੀਰ ਨੂੰ ਬਚਾਉਂਦੇ ਤੇ ਪਿੱਛੇ ਹਟਦੇ ਜਾਂਦੇ ਸਨ। ਵਾਰੀ ਵਾਰੀ ਇਕ ਮਿਸਲ ਅੱਗੇ ਹੁੰਦੀ, ਦੁਸ਼ਮਣ ਨਾਲ ਲੋਹਾ ਲੈਂਦੀ ਤੇ ਦੂਜੀ ਮਿਸਲ ਪਿਛੇ ਹਟਦੀ। ਸਿੰਘਾਂ ਦੀ ਹਾਲਤ ਘਿਰੇ ਹੋਏ ਬਿਫਰੇ ਸ਼ੇਰ ਵਰਗੀ ਹੋਈ ਹੋਈ ਸੀ। ਗਿਣਤੀ ਭਾਵੇਂ ਘਟ ਸੀ, ਪਰ ਜਿਧਰ ਪੈਂਦੇ ਸਨ ਛੀੜ੍ਹ ਕਰ ਕੇ ਰਖ ਦਿੰਦੇ ਸਨ।

ਅਹਿਮਦ ਸ਼ਾਹ ਨੇ ਬਥੇਰਾ ਜ਼ੋਰ ਮਾਰਿਆ ਕਿ ਕਿਸੇ ਤਰ੍ਹਾਂ ਕਰੜਾ ਹਲਾ ਕਰ ਕੇ ਹਫ਼ੜਾ ਦਫ਼ੜੀ ਪਾ ਕੇ ਦਲ ਤੇ ਵਹੀਰ ਨੂੰ ਅੱਡ ਅੱਡ ਕਰ ਦੇਵੇ ਅਤੇ ਦੁਰਾਨੀ ਫ਼ੌਜ ਇਹਨਾਂ ਵਿਚ ਰਲ ਜਾਵੇ ਤੇ ਫਿਰ ਇਹਨਾਂ ਦੀ ਪੂਰੀ ਪੂਰੀ ਗਭੇ-ਵਾਢ ਕਰ ਦੇਵੇ। ਪਰ ਖਾਲਸਾ ਜੀ ਨੇ ਪਾਨੀਪਤ ਦੇ ਵਜਈ ਦੀ ਕੋਈ ਪੇਸ਼ ਨਾ ਜਾਣ ਦਿਤੀ। ਜਿੰਨੀ ਤੇਜ਼ੀ ਤੇ ਜੋਸ਼ ਨਾਲ



www.AKJ.Org

ਘੋੜ-ਸਵਾਰ ਹੱਲਾ ਕਰਦੇ, ਸਿੰਘਾਂ ਦੀ ਫ਼ੌਲਾਦ-ਮਈ ਕੰਧ ਨਾਲ ਟਕਰਾ ਕੇ, ਮੱਥਾ ਭੰਨਾ ਕੇ, ਪੂਰੀ ਤਰ੍ਹਾਂ ਪਛਾੜ ਖਾ ਕੇ ਪਿਛਾਂਹ ਹਟ ਜਾਂਦੇ ਸਨ । ਤਿੰਨਾਂ ਘੰਟਿਆਂ ਦੀ ਲੜਾਈ ਵਿਚ ਕਿਤਿਓਂ ਵੀ ਸਿੰਘਾਂ ਦਿਆਂ ਪਰ੍ਹਿਆਂ ਤੇ ਸਫ਼ਾਂ ਨੂੰ ਦੁਰਾਨੀ ਚੀਰ ਨਾ ਸਕੇ । ਖ਼ਾਲਜੇ ਨੇ ਵੀ ਐਸੀ ਕਰੜਾਈ ਕੀਤੀ ਹੋਈ ਸੀ ਕਿ ਦੁਸ਼ਮਣ ਵੀ ਵਾਹ ਵਾਹ ਕਰ ਉਠਿਆ ।

ਅਬਦਾਲੀ ਨੇ ਹੁਣ ਆਪਣੇ ਸਭ ਤੋਂ ਵੱਡੇ ਤੇ ਪਰਖੇ ਜਰਨੈਲ ਜਹਾਨ ਖ਼ਾਂ ਨੂੰ ਫ਼ੌਜ ਦਾ ਤਕੜਾ ਹਿੱਸਾ ਦੇ ਕੇ ਸਿੰਘਾਂ ਦੀਆਂ ਸਫ਼ਾਂ ਤੋੜਨ ਲਈ ਅੱਗੇ ਕੀਤਾ। ਇਸ ਨੇ ਵੀ ਆਕਾ ਦਾ ਨਮਕ ਹਲਾਲ ਕਰਨ ਲਈ ਬੜਾ ਜ਼ੋਰ ਮਾਰਿਆ, ਪਰ ਕੋਈ ਖੋਹਣ ਨਾ ਖੋਹ ਸਕਿਆ। ਇਹ ਗਿਝਾ ਸੀ ਮਥਰਾ, ਬਿੰਦ੍ਰਾਬਨ, ਮਹਾਂਬਨ ਦਿਆਂ ਮਾੜੂਆਂ ਜਿਹਾਂ ਲੋਕਾਂ ਨੂੰ ਵਢਣ ਟੁਕਣ ਦਾ, ਜੋ ਹੋਲੀਆਂ ਵੇਖਣ ਆਏ ਇਸ ਦੇ ਕਾਬੂ ਆ ਗਏ ਸਨ। ਪਰ ਅੱਜ ਵਾਹ ਸੀ ਇਕ ਰਾਠ ਕੌਮ ਨਾਲ, ਕਲਗੀਧਰ ਜੀ ਦਿਆਂ ਬੀਰ ਬਹਾਦਰਾਂ ਨਾਲ, ਜਿਨ੍ਹਾਂ ਵਿਚੋਂ ਕਈਆਂ ਨੇ ਬਾਬਾ ਬੰਦਾ ਸਿੰਘ ਜੀ ਦੀ ਕਮਾਨ ਥਲੇ ਵੈਰੀਆਂ ਦੇ ਸੱਥਰ ਲਾਹੇ ਸਨ। ਪੱਥਰ ਜੇ ਹਦਵਾਣਿਆਂ ਵਾਂਗ ਪੋਲੇ ਹੁੰਦੇ ਤਾਂ ਗਿੱਦੜ ਹੀ ਖਾ ਜਾਂਦੇ। ਗਿਲਜਿਆਂ ਨੂੰ ਆਪਣੇ ਤੂਫ਼ਾਨ ਦੀ ਤੁੰਦੀ ਦਾ ਹੀ ਪਤਾ ਸੀ, ਪਰ ਅੱਗੇ ਖੜੀਆਂ ਫ਼ੌਲਾਦੀ ਚਟਾਨਾਂ ਦਾ ਪਤਾ ਨਹੀਂ ਸੀ, ਜਿਨ੍ਹਾਂ ਨਾਲ ਅੱਜ ਇਹ ਟਕਰਾ ਰਹੇ ਸਨ। ਇਹ ਸਨ ਗਿੱਠ ਗਿੱਠ ਚੌੜੇ ਮਥਿਆਂ, ਵੱਡੇ ਵੱਡੇ ਮੁਛਹਿਰਿਆਂ ਤੇ ਚੌੜੀਆਂ ਛਾਤੀਆਂ ਵਾਲੇ ਸਰੂਆਂ ਵਰਗੇ ਦੇਵ ਕਦ ਸੂਰਮੇ, ਸਾਹਿਬ ਕਲਗੀ-ਧਰ ਦੇ ਲਾਲ : ਸ: ਜੱਸਾ ਸਿੰਘ ਆਹਲੂਵਾਲੀਆ, ਸ: ਜੱਸਾ ਸਿੰਘ ਰਾਮਗੜ੍ਹੀਆ, ਦੋਵੇਂ ਬਘੇਲ ਸਿੰਘ, ਸ: ਚੜ੍ਹਤ ਸਿੰਘ ਸ਼ੁਕਰਚਕੀਆ (ਮਹਾਰਾਜਾ ਰਣਜੀਤ ਸਿੰਘ ਜੀ ਦੇ ਦਾਦਾ ਜੀ), ਕਰੋੜਾ ਸਿੰਘ, ਨਵਾਬ ਕਪੂਰ ਸਿੰਘ, ਸ਼ਹੀਦ ਨੱਥਾ ਸਿੰਘ, ਕਰਮ ਸਿੰਘ, ਪ੍ਰੇਮ ਸਿੰਘ, ਸੁਧਾ ਸਿੰਘ ਅਤੇ ਹੋਰ ਉਘੇ ਸਰਦਾਰ ਨਕਈ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਨਿਸ਼ਾਨ ਵਾਲੀਏ, ਰਾਮਗੜ੍ਹੀਏ, ਸ਼ਹੀਦ ਮਿਸਲ ਵਾਲੇ ਆਦਿ ।*

ਇਹਨਾਂ ਅਗੇ ਜਹਾਨ ਖ਼ਾਂ ਦੀ ਕੀ ਦਾਲ ਗਲਣੀ ਸੀ। ਤਿੰਨ ਹੱਲੇ ਕਰ ਕੇ ਵੀ ਜਦ ਇਸ ਤੋਂ ਕੁਝ ਨਾ ਸਰਿਆ ਤਾਂ ਅਹਿਮਦ ਸ਼ਾਹ ਨੇ ਹੋਰ ਫ਼ੌਜ ਝੋਕੀ ਤੇ ਫਿਰ ਇਕ ਭਰਪੂਰ ਹਲਾ ਕੀਤਾ, ਪਰ ਸਿੰਘਾਂ ਅੱਗੇ ਕੋਈ ਪੇਸ਼ ਨਾ ਗਈ। ਐਤਕੀਂ ਦੁਰਾਨੀਆਂ ਦੀਆਂ ਬਹੁਤੀਆਂ ਕਾਠੀਆਂ ਖ਼ਾਲੀ ਹੋ ਗਈਆਂ, ਪਰ ਥੋੜੀ ਦੇਰ ਬਾਅਦ ਪੈਦਲ ਸਿੰਘਾਂ ਵਿਚੋਂ ਕਾਫ਼ੀ ਗਿਣਤੀ ਵਿਚ ਇਹਨਾਂ ਕਾਬਲੀ ਘੋੜਿਆਂ ਤੇ ਸਵਾਰ ਸਨ । ਕਈਆਂ ਨਿਹੱਥਿਆਂ ਨੂੰ ਹਥਿਆਰ ਵੀ ਮਿਲ ਗਏ ਸਨ ।

ਜਦ ਇਹ ਕਰੜਾ ਹਲਾ ਵੀ ਨਾਕਾਮਯਾਬ ਹੋ ਗਿਆ ਤੇ ਵਹੀਰ ਦੀ ਚਾਲ ਵਿਚ ਰੋਕ ਨਾ ਪਈ, ਜਿਸ ਤਰ੍ਹਾਂ ਕਿ ਅਹਿਮਦ ਸ਼ਾਹ ਠਲ੍ਹਣਾ ਚਾਹੁੰਦਾ ਸੀ, ਤਾਂ ਉਸ ਨੇ ਆਪਣੇ ਤੇਜ਼-ਰਫ਼ਤਾਰ ਕਾਸਦ (ਸੁਨੇਹਾ ਪਹੁੰਚਾਉਣ ਵਾਲੇ) ਜ਼ੈਨ ਖ਼ਾਂ ਤੇ ਲਕਸ਼ਮੀ ਨਾਰਾਇਣ ਪਾਸ ਘਲ ਕੇ ਕਰੜੀ ਲਾਅਨਤ ਫਿਟਕਾਰ ਪਾਉਂਦਿਆਂ ਹੋਇਆਂ ਉਨ੍ਹਾਂ ਨੂੰ ਕਿਹਾ :—

"If you held them in the front and stop their onward progress, 'I shall annihilate them in no time' (ਜੇ ਕਿਤੇ ਤੁਸੀਂ ਅਗੋਂ ਇਹਨਾਂ ਨੂੰ ਠਲ੍ਹ ਲਵੋ ਤਾਂ ਮੈਂ ਪਲ ਵਿਚ ਇਹਨਾਂ ਨੂੰ ਨੇਸਤੋ-ਨਾਬੂਦ ਕਰ ਦੇਵਾਂ) । ਪਰ ਅਗਲੇ ਪਾਸੇ ਜ਼ੈਨ ਖ਼ਾਂ ਵਗੈਰਾ ਨਾਲ ਜੋ ਬਣਨ ਡਿਹੀ ਸੀ, ਇਹ ਤਾਂ ਉਹੋ ਹੀ ਜਾਣਦੇ ਸਨ ਨਾ ! ਸ਼ੇਰ ਦੇ ਮੂਹਰੇ ਹੋਣਾ ਈ ਤਾਂ ਔਖਾ ਹੈ। ਜ਼ੈਨ ਖ਼ਾਂ ਤੇ ਲਕਸ਼ਮੀ ਨਾਰਾਇਣ ਨੇ ਅਗੋਂ ਉਤਰ ਘਲਿਆ: —

"But it is impossible to hold them back in the front.† (ਪਰ ਅਗਲੇ ਪਾਸਿਓਂ ਹੋ ਕੇ ਇਹਨਾਂ ਨੂੰ ਠਲ੍ਹਣਾ ਹੀ ਤਾਂ ਨਾ-ਮੁਮਕਿਨ ਹੈ) ।

---

* ਗਿ: ਗਿਆਨ ਸਿੰਘ—ਸ਼ਮਸ਼ੇਰ ਖ਼ਾਲਸਾ 204–205 ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ 279–80.

† ਖ਼ਜ਼ਾਨਾ-ਏ-ਆਮਰਾ–114–115; ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ 444–45.



www.AKJ.Org

ਕਾਸ਼ ! ਕਾਸਿਦ ਘਲਾਉਣ ਦੀ ਥਾਂ ਅਬਦਾਲੀ ਆਪ ਅਗਲੇ ਪਾਸੇ ਹੋ ਕੇ ਇਕ ਵਾਰ ਸਿੰਘਾਂ ਨੂੰ ਅਗੋਂ ਠਲ੍ਹਣ ਦੀ ਜਾਚ ਜ਼ੈਨ ਖ਼ਾਂ ਤੇ ਲਕਸ਼ਮੀ ਨਾਰਾਇਣ ਨੂੰ ਦੱਸ ਦਿੰਦਾ ! ਪਾਨੀਪਤ ਦਿਆ ਜੇਤੂਆ ! ਦਸ, ਇਤਿਹਾਸਕਾਰ ਤੈਨੂੰ ਕਿਡਾ ਕੁ ਵੱਡਾ ਸੂਰਮਾ ਤੇ ਬਹਾਦਰ ਆਖੇ ! ਤੇਰੀ ਫ਼ੌਜ ਨਾਲੋਂ ਗਿਣਤੀ ਘਟ, ਹਥਿਆਰ ਘਟ, ਨਾਲ ਬਾਲ ਬੱਚਾ, ਬੁੱਢੇ ਠੇਰੇ, ਔਰਤਾਂ ਤੇ ਜ਼ਖ਼ਮੀ, ਨਿਹੱਥੇ, ਪਰ ਫਿਰ ਵੀ ਤੂੰ ਆਪ ਇਹਨਾਂ ਦੇ ਅਗਲੇ ਪਾਸੇ ਕਿਉਂ ਨਹੀਂ ਆਉਂਦਾ। ਸੂਰਮਿਆ ! ਮਾਰਨੀਆਂ ਤੂੰ ਜ਼ਨਾ-ਨੀਆਂ, ਬੁੱਢੇ, ਬੁੱਢੀਆਂ, ਬੱਚੇ ਤੇ ਜ਼ਖ਼ਮੀ ਚਾਹੁਨਾ ਹੈਂ ਤੇ ਉਹ ਵੀ ਪਿਛੋਂ ਹੋ ਕੇ ! ਤਾਰੀਖ਼ੇ ਅਹਿਮਦ ਸ਼ਾਹੀ ਜਾਂ ਤਾਰੀਖ਼ੇ ਸੁਲਤਾਨੀ ਵਿਚ ਇਸ ਦਾ ਸਹੀ ਸਹੀ ਜ਼ਿਕਰ ਤਾਂ ਕਰਾ ਛਡਦੋਂ ! ਰਸੂਲ ਦੀ ਸ਼ਰੀਅਤ ਨੂੰ ਮੰਨਣ ਵਾਲੇ, ਦੀਨ ਧਰਮ ਦਾ ਰਖਿਅਕ ਅਖਵਾਉਣ ਵਾਲੇ, ਇਹਨਾਂ ਨੂੰ ਮਾਰ ਕੇ ਤੂੰ ਸੁਰਖ਼ਰੂ ਹੋ ਕੇ ਰਸੂਲ ਪਾਸ ਗਿਆ ਹੋਵੇਂਗਾ ? ਨਹੀਂ, ਜ਼ਰਾ ਵੇਖ ਆਪਣੇ ਵੱਲ, ਤੂੰ ਇਕ ਬੁਜ਼ਦਿਲ, ਸਫ਼ਾਕ, ਜ਼ਾਲਿਮ, ਬੇਦੀਨ, ਭ੍ਰਿਸ਼ਟਿਆ, ਨਾਮਰਦ ਬਣ ਕੇ ਗਿਆ ਹੈਂ। ਜੁਗਾਂ ਦੀ ਕਾਲਖ, ਜੋ ਕਦੇ ਤੇਰੇ ਮੂੰਹ ਤੋਂ ਨਹੀਂ ਲਥੇਗੀ, ਖਟ ਕੇ ਗਿਆ ਹੈਂ। ਬੇਸ਼ਕ ਤੇਰੀਆਂ ਜੂਠੀਆਂ ਬੁਰਕੀਆਂ ਖਾਣ ਵਾਲਿਆਂ ਨੇ, ਸੱਚ ਨੂੰ ਛਡ ਕੇ ਤੁਅੱਸਬ ਦੀ ਪੱਟੀ ਬੰਨ੍ਹ ਕੇ ਝੂਠ ਨੂੰ ਆਪਣਾ ਈਮਾਨ ਬਣਾ ਲੈਣ ਵਾਲਿਆਂ ਨੇ ਲਾਲਚ ਤੇ ਡਰ ਹਥੋਂ ਤੈਨੂੰ ਸਮੇਂ ਦੇ ਇਤਿ-ਹਾਸਕਾਰਾਂ ਨੇ ਗ਼ਾਜ਼ੀ ਲਿਖਿਆ, ਪਰ ਸੱਚ ਦੇ ਪ੍ਰਕਾਸ਼ ਵਿਚ ਵੇਖਿਆਂ ਤੂੰ ਪਾਜੀ ਹੈਂ ! ਪੱਕਾ ਪਾਜੀ !

—ਸਵਰਨ ਸਿੰਘ

ਸਿੰਘ ਲੜਦੇ ਭਿੜਦੇ, ਦੁਸ਼ਮਣ ਨੂੰ ਝਾੜ ਝਾੜ ਪਿਛਾਂਹ ਸੁਟਦੇ, ਕੁਕੜੀ ਵਾਂਗ ਵਹੀਰ ਨੂੰ ਆਪਣੇ ਪਰਾਂ ਥਲੇ ਬਚਾਈ ਪਿੰਡ ਗਹਿਲ ਲਾਗੇ ਅੱਪੜ ਗਏ। ਇਹ ਇਰਾਦਾ ਕੀਤਾ ਕਿ ਪਿੰਡ ਦਾ ਆਸਰਾ ਲਈਏ। ਵਹੀਰ ਨੂੰ ਇਹਦੇ ਵਿਚ ਕਰ ਕੇ ਜ਼ਰਾ ਦੁਰਾਨੀਆਂ ਨਾਲ ਖਲੋ ਕੇ ਟਕਰੀਏ, ਜਿਹਦੀ ਦੁਹਾਂ ਧਿਰਾਂ ਨੂੰ ਸਿੱਕ ਸੀ। ਪਰ ਪਿੰਡ ਵਾਲਿਆਂ ਦੁਰਾਨੀਆਂ ਦੇ ਕਹਿਰ ਤੋਂ ਡਰਦਿਆਂ ਬੂਹੇ ਬੰਦ ਕਰ ਲਏ। ਖ਼ਾਲਸਾ ਜੀ ਨੇ ਪਰਵਾਹ ਨਹੀਂ ਕੀਤੀ ਤੇ ਓਸੇ ਚਾਲੇ ਅੱਗੇ ਨੂੰ ਵਧਦੇ ਗਏ। ਲੜਾਈ ਦੀ ਰਫ਼ਤਾਰ ਓਸੇ ਤਰ੍ਹਾਂ ਤਿਖੀ ਸੀ। ਸ਼ੱਕ ਨਹੀਂ ਕਿ ਸਿੰਘ ਵੀ ਡਿਗਦੇ ਸਨ, ਪਰ ਡਿਗਦੇ ਓਦੋਂ ਸਨ ਜਦ ਜਿਸਮ ਵਿਚ ਜਾਨ ਨਹੀਂ ਸੀ ਰਹਿ ਜਾਂਦੀ। ਪਰ ਇਸ ਤੋਂ ਪਹਿਲਾਂ ਅਨੇਕਾਂ ਗਾਜ਼ੀਆਂ ਨੂੰ ਧੁਰ ਦਰਗਾਹ ਦੀਆਂ ਪਰਵਾਨਾ ਰਾਹਦਾਰੀਆਂ ਤੇਗ਼ ਨਾਲ ਲਿਖ ਦਿੰਦੇ ਸਨ। ਆਪਣਾ ਗੋਲ ਕਿਲ੍ਹਾ ਬਣਾਈ ਅਗਾਂਹ ਨੂੰ ਵਧਦੇ ਗਏ।

ਹੁਣ ਦੁਪਹਿਰ ਹੋ ਗਈ ਸੀ। ਵਹੀਰ ਨੂੰ ਬਚਾਉਂਦੇ ਹੋਏ ਪਿੰਡ ਕੁਤਬੇ ਤੇ ਬਾਹਮਣੀਆਂ ਤਕ ਲੈ ਆਏ। ਸਿੰਘਾਂ ਚਾਹਿਆ ਕਿ ਇਹਨਾਂ ਪਿੰਡਾਂ ਦਾ ਆਸਰਾ ਲੈ ਕੇ, ਵਹੀਰ ਨੂੰ ਥੋੜੀ ਦੇਰ ਲਈ ਸੁਰੱ-ਖਿਅਤ ਕਰ ਕੇ ਹੱਥ ਧੋ ਕੇ ਪਿਛੇ ਪਏ ਵੈਰੀ ਨੂੰ ਚੰਗੀ ਤਰ੍ਹਾਂ ਗਲੋਂ ਲਾਹਿਆ ਜਾਵੇ। ਪਰ ਇਹ ਦੋਵੇਂ ਪਿੰਡ ਨਵਾਬ ਭੀਖਣ ਖ਼ਾਂ ਮਲੇਰ ਕੋਟਲੇ ਵਾਲੇ ਦੇ ਸਨ। ਦੋਵੇਂ ਹੀ ਰੰਘੜਾਂ ਦੇ ਪਿੰਡ ਸਨ। ਇਹਨਾਂ ਕਿਥੋਂ ਪਨਾਹ ਦੇਣੀ ਸੀ ? ਮਾਲਕ ਨੂੰ ਸਿੰਘਾਂ ਨਾਲ ਲੜਦੇ ਵੇਖ ਕੇ ਇਸਲਾਮੀ ਜੋਸ਼ ਵਿਚ ਆ ਗਏ। ਢੋਲ ਵਜਾ ਕੇ ਸਾਰੇ ਪੱਗ-ਬੰਨ੍ਹ ਐਲੀ ਐਲੀ ਕਰਦੇ ਹੋਏ ਵਹੀਰ ਤੇ ਆਣ ਟੁਟੇ ਤੇ ਨੇਜ਼ਿਆਂ, ਭਾਲਿਆਂ ਤੇ ਤਲਵਾਰਾਂ ਨਾਲ ਨਿਹੱਥਿਆਂ ਦੀ ਕਤਲਾਮ ਵਿਚ ਵਧ ਚੜ੍ਹ ਕੇ ਹਿੱਸਾ ਪਾਉਣ ਲਗੇ। ਸ: ਚੜ੍ਹਤ ਸਿੰਘ ਨੂੰ ਜਦ ਇਹਨਾਂ ਪਿੰਡ ਵਾਲਿਆਂ ਦੀ ਕਰਤੂਤ ਦਾ ਪਤਾ ਲਗਾ ਤਾਂ ਤੂਫ਼ਾਨ ਬਣ ਕੇ ਇਹਨਾਂ ਤੇ ਆਣ ਟੁਟਾ ਤੇ ਡੇਢ ਕੁ ਹਜ਼ਾਰ ਗ਼ਾਜ਼ੀ ਉਸ ਨੇ ਪਹਿਲੇ ਝਪਟੇ ਵਿਚ ਪੁਰਜ਼ਾ ਪੁਰਜ਼ਾ ਕਰ ਸੁਟਿਆ। ਬਾਕੀਆਂ ਦੇ ਤਹਿਮਤ ਤੇ ਝੋਥੇ ਵਿਚ ਹੀ ਖੁਲ੍ਹਦੇ ਫਿਰੇ। ਡੱਗੇ ਕਿਧਰੇ ਤੇ ਢੋਲ ਕਿਧਰੇ ਰਿੜ੍ਹਦੇ ਫਿਰਨ। ਹਰਾ ਝੰਡਾ ਵੀ ਗ਼ਾਜ਼ੀ ਨਾ ਲਿਜਾ ਸਕੇ। ਇਹ ਵੀ ਮਲ੍ਹਿਆਂ ਵਿਚ



www.AKJ.Org

ਪਿਆ ਸੀ । ਘੜੀ ਕੁ ਪਹਿਲਾਂ ਜਿਹੜੇ ਪਾਸਿਓਂ "ਅੱਲਾ ਹੂ ਅਕਬਰ" ਤੇ "ਯਾ ਅਲੀ" ਦੇ ਨਾਅਰੇ ਤੇ ਲਲਕਾਰੇ ਦੇ ਨਾਲ ਢੋਲਾਂ ਦੀ ਦਹਿੰਗੜ ਦਹਿੰਗੜ ਸੁਣਦੀ ਸੀ, ਸ਼ੇਰ ਦੇ ਇਕੋ ਪੰਜੇ ਨਾਲ ਈ ਘੁੱਗੀ ਘੀਂ ਹੋ ਗਈ ਤੇ ਕਬਰਿਸਤਾਨ ਵਰਗਾ ਸੱਨਾਟਾ ਛ ਗਿਆ। ਦੋਵੇਂ ਪਿੰਡ ਏਨੀ ਕੁ ਵਸੋਂ ਮਰਵਾ ਬੈਠੇ ਕਿ ਲੜਾਈ ਤੋਂ ਮਗਰੋਂ ਤਿੰਨ ਦਿਨ ਗਾਜ਼ੀਆਂ ਨੂੰ ਦਬਣ ਵਿਚ ਲੱਗੇ।

ਵਹੀਰ ਫਿਰ ਅੱਗੇ ਨੂੰ ਵਧਣ ਲੱਗਾ। ਅੱਗੋਂ ਹੋਰਨਾਂ ਪਿੰਡਾਂ ਦਾ ਮੁਲਖਈਆ ਆਣ ਇਕੱਠਾ ਹੋਇਆ। ਹੁਣ ਦੁਰਾਨੀਆਂ ਦੇ ਹੱਲੇ ਬੜੇ ਕਰੜੇ ਹੋ ਗਏ ਸਨ । ਛਲ ਕਰ ਕੇ ਫਿਰ ਵਹੀਰ ਤੇ ਪਏ। ਕਈਆਂ ਥਾਵਾਂ ਤੋਂ ਘੇਰਾ ਟੁਟ ਗਿਆ ਸੀ। ਦੁਸ਼ਮਣ ਇਹਨਾਂ ਥਾਵਾਂ ਤੋਂ ਵਿਚ ਘੁਸ ਗਿਆ ਤੇ ਵਹੀਰ ਦਾ ਬੜਾ ਨੁਕਸਾਨ ਕੀਤਾ । ਬਹੁਤ ਸਾਰੇ ਬੱਚੇ, ਔਰਤਾਂ, ਬੁੱਢੇ-ਠੇਰੇ ਸ਼ਹੀਦ ਹੋ ਗਏ। ਸਿੰਘ ਸਰਦਾਰ ਝੱਟ ਸੰਭਲੇ ਤੇ ਕਿਲ੍ਹਾ ਫਿਰ ਕਰੜਾ ਕੀਤਾ । ਵਹੀਰ ਤਕ ਅਪੜ ਕੇ ਉਸ ਨੂੰ ਸ਼ਹੀਦ ਕਰਨ ਵਾਲੇ ਭਾਵੇਂ ਸਿੰਘਾਂ ਖੇਤ ਵਿਚ ਹੀ ਰਖੇ, ਪਰ ਵਹੀਰ ਦਾ ਭਾਰੀ ਹਿੱਸਾ ਸ਼ਹੀਦ ਹੋ ਚੁਕਾ ਸੀ। ਏਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੀ ਤੇ ਸ੍ਰੀ ਦਮਦਮਾ ਸਾਹਿਬ ਵਾਲੀ, ਜਦ ਉਨ੍ਹਾਂ ਦੇ ਹਜ਼ੂਰੀ ਸੇਵਾਦਾਰ ਸ਼ਹੀਦ ਹੋ ਗਏ, ਤਾਂ ਪਠਾਣਾਂ ਦੇ ਹੱਥ ਆ ਗਈਆਂ ਸਨ* । [ਚਲਦਾ

* ਸ: ਕਰਮ ਸਿੰਘ ਹਿਸਟੋਰੀਅਨ—ਮਹਾਰਾਜਾ ਆਲਾ ਸਿੰਘ। ਰਤਨ ਸਿੰਘ—ਪ੍ਰਾਚੀਨ ਪੰਥ ਪ੍ਰਕਾਸ਼।

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ਨੰਬਰ ੪ (ਰੂਲ ੮)

| | |
|---|---|
| ੧. ਪ੍ਰਕਾਸ਼ਤ ਹੋਣ ਦੀ ਥਾਂ— | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾ — | ਹਰ ਮਹੀਨੇ ਦੀ ਪਹਿਲੀ ਤਰੀਕ |
| ੩.੪.੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ— ਨਾਂ, ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ<br>ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ— | ਸਰਬ ਹਿੰਦ ਅਖੰਡ ਕੀਰਤਨੀ ਜੱਥਾ<br>ਜੱਥੇਦਾਰ ਬਾਊ ਮਲ ਸਿੰਘ ਜੀ<br>ਪਲਾਸੌਰ ਰੋਡ, ਤਰਨ ਤਾਰਨ (ਅੰਮ੍ਰਿਤਸਰ) |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵੇ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹਨ।

ਮਿਤੀ ੧.੩.੭੮ ਦਸਖ਼ਤ ਪਬਲਿਸ਼ਰ—ਸੇਵਾ ਸਿੰਘ

## *ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਦੇ ਸਬੰਧ ਵਿਚ*

ਗੁਰਮਤਿ ਸਮਾਗਮ ੨੦ ਤੋਂ ੨੩ ਅਪ੍ਰੈਲ ਨੂੰ ਕੁਰਾਲੀ ਵਿਖੇ ਹੋ ਰਹੇ ਹਨ।

## ਮੁਕਤਸਰ ਵਿਖੇ ਅਖੰਡ ਕੀਰਤਨ ਸਮਾਗਮ ੪ ਤੋਂ ੭ ਮਈ ਨੂੰ

ਪ੍ਰੋਗਰਾਮ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਅਖੰਡਪਾਠ ਤੇ ਅਖੰਡ ਕੀਰਤਨ

ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਭਾਈ ਸੇਵਾ ਸਿੰਘ ਜੀ 44-ਨਾਰਫ਼ੋਲਕ ਰੋਡ, ਗਰੇਵਜ਼ੈਂਡ, ਕੈਂਟ (ਫ਼ੋਨ 0474–50161) ਦੇ ਗ੍ਰਹਿ ਵਿਖੇ ੨੫ ਮਾਰਚ ਨੂੰ ਸ੍ਰੀ ਅਖੰਡਪਾਠ ਅਰੰਭ ਹੋਣਗੇ। ਅਤੇ ੨੭ ਮਾਰਚ ਨੂੰ ਸਵੇਰੇ ਭੋਗ ਪੈਣਗੇ। ਉਪਰੰਤ ਇਕ ਵਜੇ ਤਕ ਅਖੰਡ ਕੀਰਤਨ ਹੋਣਗੇ। ਸਮੂਹ ਮਾਈ ਭਾਈ ਇੰਗਲੈਂਡ ਨਿਵਾਸੀ ਅਤੇ ਜੱਥੇ ਦੇ ਸਿੰਘ ਸਿੰਘਣੀਆਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

www.AKJ.Org

## ਪਿੰਡ ਰਾਪੁਰ (ਜਲੰਧਰ) ਵਿਖੇ ਗੁਰਮਤਿ ਪ੍ਰੋਗਰਾਮ

ਚਾਰ ਮਾਰਚ ਸ਼ਨੀਵਾਰ ਨੂੰ ਪਿੰਡ ਰਾਪੁਰ ਵਿਖੇ ਭਾਈ ਮਹਿੰਦਰ ਸਿੰਘ ਜੀ ਨਿਹੰਗ ਦੇ ਗ੍ਰਿਹਿ ਵਿਖੇ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਪੈਣਗੇ, ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਅੰਮ੍ਰਿਤ ਸਿੰਚਾਰ ਦੇ ਨਾਲ ਹੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਠੀਕ ਤਰੀਕ ਨੋਟ ਕਰ ਲੈਣ।

## ਕੁਰਾਲਾ (ਹੁਸ਼ਿਆਰਪੁਰ) ਦਾ ਪ੍ਰੋਗਰਾਮ

ਸੰਗਤਾਂ ਨੋਟ ਕਰ ਲੈਣ ਕਿ ਸ੍ਰੀ ਅਖੰਡਪਾਠ ਦੇ ਭੋਗ ੧੧ ਦੀ ਥਾਂ ੧੮ ਮਾਰਚ ਨੂੰ ਸਵੇਰੇ ਪੈਣਗੇ ਅਤੇ ੧੮ ਦੀ ਰਾਤ ਨੂੰ ਹੀ ਰੈਣ ਸਬਾਈ ਕੀਰਤਨ ਹੋਣਗੇ। ਦਾਸਰਾ—ਅਵਤਾਰ ਸਿੰਘ ਕੁਰਾਲਾ (ਹੁਸ਼ਿਆਰਪੁਰ)

## ਪਿੰਡ ਸ਼ੇਰਪਰ ਵਿਚ ਰੈਣ-ਸਬਾਈ ਕੀਰਤਨ

ਪਿੰਡ ਸ਼ੇਰਪੁਰ (ਨੇੜੇ ਮੁਕੇਰੀਆਂ) ਭਾਈ ਤਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ ਇਕ ਅਪ੍ਰੈਲ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਪੁਜ ਕੇ ਲਾਭ ਪ੍ਰਾਪਤ ਕਰਨ। ਇਹ ਪਿੰਡ ਜਲੰਧਰ—ਪਠਾਨਕੋਟ ਰੋਡ ਤੇ ਗੋਂਸਪੁਰ ਐਮਾ ਮਾਂਗਟ ਅੱਡੇ ਤੋਂ ਦੋ ਕਿਲੋ ਮੀਟਰ ਅਤੇ ਮਕੇਰੀਆਂ ਤੋਂ ੪ ਕਿਲੋਮੀਟਰ ਹੈ।

## ਬਰੇਲੀ (ਯੂ.ਪੀ.) ਵਿਖੇ ਅਖੰਡ ਕੀਰਤਨ ਸਮਾਗਮ

ਯੂ. ਪੀ. ਵਿਖੇ ਹੋਲੇ ਮਹੱਲੇ ਦੇ ਸਬੰਧ ਵਿਚ (ਭਾਈ ਗੁਰਚਰਨ ਸਿੰਘ ਸੈਂਟਰਲ ਪ੍ਰਿੰਟਿੰਗ ਪ੍ਰੈਸ ਵਾਲੇ, ੧੬-ਏ ਸ਼ਾਹਦਾਨ ਕਾਲੋਨੀ, ਮਾਡਲ ਟਾਊਨ, ਬਰੇਲੀ ਦੇ ਗ੍ਰਿਹਿ ਵਿਖੇ) ਬੜਾ ਗੁਰਦੁਆਰਾ ਸਾਹਿਬ ਦੇ ਲਾਗੇ ੨੫ ਮਾਰਚ ੧੯੭੮ ਸ਼ਨੀਵਾਰ ਨੂੰ ਸਵੇਰੇ ੫ ਵਜੇ ਤੋਂ ਇਕ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋ ਰਹੇ ਹਨ। ਬਰੇਲੀ ਦੀਆਂ ਲੋਕਲ ਸੰਗਤਾਂ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਕੀਰਤਨ ਦੇ ਅਨੰਦ ਮਾਣਨ।

## ਥੁਲੀਵਾਲ ਗੁ: ਜੰਡ ਸਾਹਿਬ ਵਿਖੇ ਮਾਸਕ ਰੈਣ ਸਬਾਈ

ਅਖੰਡ ਕੀਰਤਨੀ ਜੱਥਾ ਜ਼ਿਲਾ ਲੁਧਿਆਣਾ ਵਲੋਂ ਪਿੰਡ ਥੁਲੀਵਾਲ ਜ਼ਿਲਾ ਸੰਗਰੂਰ ਵਿਖੇ ੧੧ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਤੇ ਲਾਭ ਪ੍ਰਾਪਤ ਕਰੋ। ਇਹ ਪਿੰਡ ਮਲੇਰ ਕੋਟਲਾ—ਬਰਨਾਲਾ ਰੋਡ ਤੇ ਹੈ। ਪੁਛ ਗਿਛ—ਮਾ: ਉਜਾਗਰ ਸਿੰਘ ਫ਼ਰਵਾਲੀ ਲੋਹਟਬਦੀ (ਸੰਗਰੂਰ)

## *ਪਿੰਡ ਉਦੋਨੰਗਲ ਨੇੜੇ ਮਹਿਤਾ ਚੌਕ (ਅੰਮ੍ਰਿਤਸਰ) ਵਿਖੇ ਰੈਣ ਸਬਾਈ ਕੀਰਤਨ*

ਹਰ ਸਾਲ ਵਾਂਗ ਪਹਿਲੀ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਉਦੋਨੰਗਲ ਵਿਖੇ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋ ਰਹੇ ਹਨ। ਸਮੂਹ ਗੁਰਮੁਖ ਵੀਰ ਭੈਣਾਂ ਵਧ ਤੋਂ ਵਧ ਦਾਸ ਦੇ ਗਰੀਬਖਾਨੇ ਦਰਸ਼ਨ ਦੇ ਕੇ ਨਿਵਾਜੋ ਜੀ। ਦਾਸਰਾ—ਸਰਬਜੀਤ ਸਿੰਘ ਰੰਧਾਵਾ

---

**ਯੂ. ਕੇ. ਨਿਵਾਸੀ ਸਜਣਾਂ ਪ੍ਰਤੀ ਬੇਨਤੀ :—** ਯੂ. ਕੇ. ਦੇ ਵਸਨੀਕ ਪਾਠਕਾਂ ਦੇ 'ਸੂਰਾ' ਮਾਸਕ ਪੱਤਰ ਦੇ ਚੰਦੇ ਜਿਨ੍ਹਾਂ ਦੇ ਖਤਮ ਹੁੰਦੇ ਹਨ ਜਾਂ ਨਵੇਂ ਜਾਰੀ ਕਰਵਾਉਣਾ ਚਾਹੁੰਦੇ ਹਨ, ਉਹ ਸਜਣ ਹੇਠ ਲਿਖੇ ਯੂ. ਕੇ. ਦੇ ਦੋਹਾਂ ਪਤਿਆਂ ਤੇ ਆਪਣੇ ਚੰਦੇ ਜਮ੍ਹਾਂ ਕਰਾ ਸਕਦੇ ਹਨ —

ਹਵਾਈ ਡਾਕ ਚੰਦਾ 50/—ਰੁਪਏ (ਸਾਢੇ ਤਿੰਨ ਪੌਂਡ), ਸਮੁੰਦਰੀ ਡਾਕ 18/50 (ਸਵਾ ਪੌਂਡ)

ਅਮਾਨਤੀ ਲਾਈਫ ਮੈਂਬਰ ਹਵਾਈ ਡਾਕ 650/—, ਸਮੁੰਦਰੀ 250/—

(1) S. Harbnx Singh, Sarai, 110–A, Luton Road, Chatham, kent,
(2) S. Banta Singh Reehal, 12–Hartington Road, Lozells, Birmingham-19,
Phone--021-554-7280

www.AKJ.Org

ਮਨਮਤੀ ਲੋਕੋ ! ਮਨ-ਮਾਨੀਆਂ ਕਰਨੋਂ ਬਾਜ਼ ਆਓ-ਯੂ. ਪੀ. ਦੇ ਨਗਰ ਤਿੰਦੂਆ ਫ਼ਾਰਮ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਉਥੋਂ ਦੇ ਪਰਬੰਧਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੁੰਦਿਆਂ ਹੋਇਆਂ ਹਜ਼ੂਰੀ ਵਿਚ ਹੀ ਮੇਜ਼ ਰਖ ਕੇ ਜੋੜਿਆਂ ਸਮੇਤ ਨੰਗੇ ਸਿਰ ਡੀ.ਐਮ. ਸਹਾਰਨਪੁਰ ਨੂੰ ਚਾਹ ਆਦਿ ਪਾਰਟੀ ਦਿਤੀ। ਜਿਥੇ ਕਿ ਉਥੋਂ ਦੇ ਪ੍ਰਬੰਧਕਾਂ ਦਾ ਇਹ ਕਰਮ ਮਹਾਂ ਨਿੰਦਨੀਯ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਖ਼ਤ ਅਪਮਾਨ ਹੈ। ਐ ਦੁਨੀਆ ਦੇ ਮਨਮਤੀ ਲੋਕੋ ! ਕੀ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ ਨਾਜ਼ਰ ਤੇ ਪਰਤੱਖ ਗੁਰੂ ਨਹੀਂ ਸਮਝਦੇ ?

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਚਿਟ ਨੰਬਰ 2064 ਤੇ 2067 ਦੇ ਪ੍ਰਦੇਸੀ ਮੈਂਬਰਾਂ ਦੇ ਪੰਜ ਪੰਜ ਸੌ ਅਤੇ ਬਾਕੀਆਂ ਦੇ ਸੌ ਸੌ ਰੁਪਏ ਪੁੱਜੇ ਹਨ। ਬੈਂਕ ਐਫ਼. ਡੀਆਂ ਦੇ ਨੰਬਰ ਹੇਠ ਲਿਖੇ ਅਨੁਸਾਰ ਹਨ :-

| | | | |
|---|---|---|---|
| 335. Lt. Col. ਸਰਦੂਲ ਸਿੰਘ ਜੀ | (ਚਿਟ ਨੰ: 3335) | 778982/234/78 | ਮਿਤੀ 24-2-78 |
| 336. ਸ. ਚਤਰ ਸਿੰਘ ਜੀ ਮਲੇਸ਼ੀਆ | ( ,, ,, 2067) | 778983/235/78 | ,, |
| 337. ਸ੍ਰੀਮਤੀ ਰਾਜ ਕੌਰ ਜੀ ਅੰਬਾਲਾ | ( ,, ,, 3337) | 778984/236/78 | ,, |
| 338. ਗੁਰਦਵਾਰਾ ਸਾਹਿਬ M.C.T.E. | ( ,, ,, 3338) | 778985/237/78 | ,, |
| 339. ਮੈ: ਗਰੇਵਰ ਟਰੇਡਿੰਗ ਕੰਪਨੀ ਕਾਬਲ | ( ,, ,, 2064) | 778986/238/78 | ,, |
| 340. ਸ: ਹਰਭਜਨ ਸਿੰਘ ਜੀ | ( ,, ,, 3340) | 778987/239/78 | ,, |
| 341. ਸੂਬੇਦਾਰ ਮਲਕੀਤ ਸਿੰਘ ਜੀ | ( ,, ,, 3341) | 778988/240/78 | ,, |
| 342. Cpl. ਸੁਰਿੰਦਰ ਸਿੰਘ ਜੀ | ( ,, ,, 3342) | 778989/241/78 | ,, |

---

**ਡਾਲੋਮਾਜਰਾ (ਸਰਹੰਦ) ਸਾਲਾਨਾ ਕੀਰਤਨ ਪ੍ਰੋਗਰਾਮ**- ਐਤਕੀ ਪਿੰਡ ਡਾਲੋਮਾਜਰਾ ਵਿਖੇ ੨੦ ਮਾਰਚ ਨੂੰ ਸਵੇਰੇ ਸ੍ਰੀ ਅਖੰਡਪਾਠ ਅਰੰਭ ਹੋਣਗੇ, ਇਕ ਅਪ੍ਰੈਲ ਨੂੰ ਸਵੇਰੇ ਅਖੰਡ ਪਾਠ ਦੇ ਭੋਗ ਪੈ ਕੇ ਦੁਪਹਿਰ ਤਕ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਪੂਰੀ ਸਮਾਪਤੀ ੨ ਅਪ੍ਰੈਲ ਐਤਵਾਰ ਸਵੇਰੇ ਹੋਵੇਗੀ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਅਨੰਦ ਮਾਣਨ। ਡਾਲੋਮਾਜਰਾ, ਸਰਹੰਦ ਤੇ ਰਾਜਪੁਰੇ ਦੇ ਦਰਮਿਆਨ ਹੈ।

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਗੁਰਨਾਮ ਸਿੰਘ ਜੀ U.K. | 52-01 | ਬੀਬੀ ਪਰਮਿੰਦਰ ਕੌਰ ਜੀ U.K. | 37-15 |
| ਬੀਬੀ ਜਸਵਿੰਦਰ ਕੌਰ ਜੀ U.K. | 29-72 | ਸ: ਸੁਹੇਲ ਸਿੰਘ ਜੀ ਦਿੱਲੀ | 30-00 |
| ਸ: ਮਨਜੀਤ ਸਿੰਘ ਰਾਹੀ ਯੋਲ ਕੈਂਪ | 5-45 | ਸ: ਗਿਆਨ ਸਿੰਘ ਜੀ ਪ੍ਰਦੇਸੀ U.K. | 14-86 |
| ਸ: ਅਜੀਤ ਸਿੰਘ ਜੀ ਹਰਸਾ ਛੀਨਾ | | | 5-00 |

ਵਾਹਿਗੁਰੂ ਸਭ ਨੂੰ ਨਾਮ ਦਾਨ-ਚੜ੍ਹਦੀ ਕਲਾ ਬਖਸ਼ੇ।

---

**ਰਿਸ਼ਤੇ ਨਾਤੇ**- ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿਠੀ ਪਤਰ ਕਰੋ।

ਫ਼ਾਰਮ ਨੰ: 69-ਇਕ ਅੰਮ੍ਰਿਤਧਾਰੀ ਕੇਸਕੀ ਰਹਿਤ ਬੀਬੀ, ਉਮਰ 21 ਸਾਲ, ਕਲਰਕ, ਲਈ ਚੰਡੀਗੜ੍ਹ ਰੋਪੜ ਦੇ ਇਲਾਕੇ ਦੇ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ: 70-ਇਕ 24 ਸਾਲਾ ਅੰਮ੍ਰਿਤਧਾਰੀ ਸਿੰਘ ਕਦ ਸਾਢੇ ਪੰਜ ਫੁਟ, ਬੀ-ਕਾਮ, ਪੰਜਾਬ ਸਿੰਧ ਬੈਂਕ ਵਿਚ ਕਲਰਕ, ਮਾਸਕ ਆਮਦਨ 500/- ਨਿਤਨੇਮੀ ਲਈ ਪੜ੍ਹੀ ਲਿਖੀ ਸਰਵਿਸ ਕਰਦੀ ਅਤੇ ਲੜਕੇ ਤੋਂ ਛੋਟੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: 71-ਇਕ 25 ਸਾਲਾ ਹਾਇਰ ਸੈਕੰਡਰੀ, ਟ੍ਰੇਨ ਕਲਰਕ, ਕਦ 5 ਫੁਟ 7 ਇੰਚ, ਮਾਸਕ ਆਮਦਨ 400/- ਰੁਪਏ, ਅੰਮ੍ਰਿਤਧਾਰੀ ਤੇ ਨਿਤਨੇਮੀ ਸਿੰਘ ਲਈ ਮੈਟਰਿਕ ਪਾਸ, ਅੰਮ੍ਰਿਤਧਾਰੀ ਕੇਸਕੀ ਸਹਿਤ, ਘਰ ਦੇ ਕੰਮ ਕਾਜ ਵਿਚ ਨਿਪੁੰਨ ਬੀਬੀ ਦੀ ਲੋੜ ਹੈ।

ਫ਼ਾਰਮ ਨੰ: 72-ਇਕ ਗੁਰਸਿਖ ਪ੍ਰੀਵਾਰ ਦੀ ਬੀਬੀ M.A., B.Sc., B.Ed. ਸਰਕਾਰੀ ਟੀਚਰ, ਉਮਰ 25 ਸਾਲ ਕਦ 5 ਫੁਟ, ਮਾਸਕ ਆਮਦਨ 600/- ਰੁਪਏ ਲਈ B.A. ਪਾਸ ਸਰਕਾਰੀ ਨੌਕਰੀ ਵਾਲੇ ਵਰ ਦੀ ਲੋੜ ਹੈ।

www.AKJ.Org

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

ਪਿਛਲੇ ਕਈ ਸਾਲਾਂ ਤੋਂ ਹੋਲੇ ਮਹੱਲੇ ਦਾ ਸਮਾਗਮ ਅਖੰਡ ਕੀਰਤਨੀ ਜੱਥਿਆਂ ਵਲੋਂ ਸ੍ਰੀ ਦਸਮੇਸ਼ ਪਿਤਾ ਜੀ ਦੀ ਪਾਵਨ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਸੀ। ਜੱਥੇ ਦੀ ਸੰਗਤ ਨੂੰ ਦੀਵਾਨ-ਅਸਥਾਨ, ਲੰਗਰ ਅਤੇ ਰਿਹਾਇਸ਼ ਲਈ ਕਾਫ਼ੀ ਔਕੜਾਂ ਪੇਸ਼ ਆਉਂਦੀਆਂ ਸਨ।

ਐਤਕੀ ਕਲਗੀਧਰ ਸੱਚੇ ਪਾਤਿਸ਼ਾਹ ਨੇ ਇਕ ਗੁਰਮੁਖ ਪਰਵਾਰ ਕੋਲੋਂ ਆਪਣੀ ਅਪਾਰ ਕਿਰਪਾ ਦੁਆਰਾ ਸੇਵਾ ਲਈ ਹੈ ਅਤੇ ਉਨ੍ਹਾਂ ਵਲੋਂ ਗੁਰਦਵਾਰਾ ਲੋਹਗੜ੍ਹ ਰੋਡ ਤੇ (ਮੇਨ ਬਸ ਅੱਡੇ ਤੋਂ ਕੇਵਲ ਇਕ ਫ਼ਰਲਾਂਗ ਦੀ ਵਿਥ ਤੇ) ਇਕ ਏਕੜ ਜ਼ਮੀਨ ਉਤੇ ਲੰਗਰ ਤੇ ਰਿਹਾਇਸ਼ ਆਦਿ ਦੀ ਇਮਾਰਤ ਤਿਆਰ ਕਰਵਾਏ ਜਾਣ ਦੀ ਸੇਵਾ ਜਾਰੀ ਹੈ। ਇਸ ਸਾਲ ਦਾ ਹੋਲਾ ਮਹੱਲਾ ਸਮਾਗਮ ਇਸ ਨਵੇਂ ਅਸਥਾਨ (ਕਲਗੀਧਰ ਕੀਰਤਨ ਦਰਬਾਰ) ਵਿਖੇ ਹੋਵੇਗਾ।

ਅਰੰਭ ਵਿਚ ਸਤਿਗੁਰੂ ਜੀ ਦੀ ਬਖ਼ਸ਼ਸ਼ ਪੰਜ ਸ੍ਰੀ ਅਖੰਡ ਪਾਠ ੧੪ ਤੋਂ ੨੪ ਮਾਰਚ ੧੯੭੮ ਤਕ ਹੋਣਗੇ।

## —: ਪ੍ਰੋਗਰਾਮ :—

ਬੁਧਵਾਰ ੨੨-੩-੭੮ ਸਵੇਰੇ ੫ ਤੋਂ ੭-੩੦ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ ਅਰੰਭ
ਵੀਰਵਾਰ ੨੩-੩-੭੮ ਸਵੇਰੇ ੬-੩੦ ਤੋਂ ੧ ਵਜੇ ਦੁਪਹਿਰ ਤਕ ਅਖੰਡ ਕੀਰਤਨ
ਸ਼ਾਮ ੩-੦੦ ਤੋਂ ੭ ਵਜੇ ਨਗਰ ਕੀਰਤਨ ਤੇ ਸਮੂਹ ਗੁਰਦਵਾਰਿਆਂ ਦੇ ਦਰਸ਼ਨ ਦੀਦਾਰ
ਸ਼ੁਕਰਵਾਰ ੨੪-੩-੭੮ ਸਵੇਰੇ ਪੰਜ ਵਜੇ ਸ੍ਰੀ ਅਖੰਡ ਪਾਠ ਦੇ ਭੋਗ, ਉਪਰੰਤ ੧ ਵਜੇ ਦੁਪਹਿਰ ਤਕ ਅਖੰਡ ਕੀਰਤਨ
ਦੁਪਹਿਰ ੩ ਵਜੇ ਅੰਮ੍ਰਿਤ-ਸਿੰਚਾਰ ਅਰੰਭ
ਰਾਤ ੮ ਵਜੇ ਰੈਣ ਸਬਾਈ ਕੀਰਤਨ ਅਰੰਭ, ਐਤਵਾਰ ਸਵੇਰੇ ੮ ਵਜੇ ਕੀਰਤਨ ਦੀ ਸਮਾਪਤੀ

ਪੁਛ ਗਿਛ-(੧) ਗੁਰੂ ਨਾਨਕ ਕੋਲਡ ਸਟੋਰੇਜ, ਚੁਗਾਵਾਂ, (ਜਲੰਧਰ)
(੨) ਹਰਚਰਨ ਸਿੰਘ, ੨੨੬-੨੧-ਏ, ਚੰਡੀਗੜ੍ਹ

ਦਾਸਰੇ
ਅਖੰਡ ਕੀਰਤਨੀ ਜੱਥੇ ਪੰਜਾਬ, ਦਿਲੀ

---

# ਭਾ: ਸਾ: ਰਣਧੀਰ ਸਿੰਘ ਜਨਮ-ਸ਼ਤਾਬਦੀ ਸਬੰਧੀ ਕਪੂਰਥਲੇ ਕੀਰਤਨ ਸਮਾਗਮ

ਪੰਥ ਦੇ ਮਹਾਨ ਨਿਰਮਾਣ ਸੇਵਕ, ਕੁਰਬਾਨੀ ਦੇ ਪੁੰਜ ਅਤੇ ਗੁਰਮਤਿ ਦੇ ਪਾਂਧੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ (ਨਾਰੰਗਵਾਲ) ਜੀ ਦੀ ਪਹਿਲੀ ਜਨਮ-ਸ਼ਤਾਬਦੀ ਜੁਲਾਈ ੧੯੭੮ ਵਿਚ ਹੈ। ਉਸ ਸਬੰਧ ਵਿਚ ਕਪੂਰਥਲੇ ਵਿਖੇ ਸਮਿਲਤ ਅਖੰਡ ਜਥਿਆਂ ਵਲੋਂ ੧੦ ਤੋਂ ੧੨ ਮਾਰਚ ੧੯੭੮ ਤਕ ਕਪੂਰਥਲੇ ਵਿਖੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਸਮੂੰਹ ਕੀਰਤਨ ਤੇ ਗੁਰਮਤਿ ਦੇ ਪ੍ਰੇਮੀ ਪਰਵਾਰਾਂ ਤੇ ਸੰਗੀ ਸਾਥੀਆਂ ਸਮੇਤ ਆਇ ਦੀਦਾਰ ਬਖਸ਼ੋ।

## ਸਮਾਗਮ ਅਸਥਾਨ ਤੇ ਪ੍ਰੋਗਰਾਮ

ਮਹੱਲਾ ਅਮਨ ਨਗਰ, ਕਰਤਾਰਪੁਰ ਰੋਡ, (ਬੱਸ ਅੱਡਾ ਤੇ ਡੀ.ਸੀ. ਦੀ ਕੋਠੀ ਦੇ ਵਿਚਕਾਰ ਪਟਰੋਲ ਪੰਪ ਦੇ ਲਾਗੇ)

੧੦ ਮਾਰਚ ਸ਼ੁਕਰਵਾਰ ਸਵੇਰੇ ਪੰਜ ਤੋਂ ੮ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡ ਪਾਠ ਅਰੰਭ ਨਿਵਾਸ ਭਾ: ਰਵਿਤਾਰ ਸਿੰਘ ਅਮਨ ਨਗਰ
ਸ਼ਾਮ ੭ ਤੋਂ ੮-੩੦ ਅਖੰਡ ਕੀਰਤਨ ਪਿੰਡ ਸੈਦੋਵਾਲ ਵਿਖੇ
੧੧ ਮਾਰਚ ਸ਼ਨੀਵਾਰ ਸਵੇਰੇ ਪੰਜ ਤੋਂ ੮-੦੦ ਆਸਾ ਦੀ ਵਾਰ ਗੁਰਦੁਆਰਾ ਨਿਹੰਗਾਂ ਕਪੂਰਥਲਾ ਵਿਖੇ
ਸ਼ਾਮ ੭ ਤੋਂ ੯ ਅਖੰਡ ਕੀਰਤਨ ਗੁਰਦੁਆਰਾ (ਅੱਡਾ ਸੁਲਤਾਨਪੁਰ) ਕਪੂਰਥਲਾ ਵਿਖੇ
੧੨ ਮਾਰਚ ਐਤਵਾਰ ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡ ਪਾਠ ਨਿਵਾਸ ਅਸਥਾਨ ਭਾਈ ਰਵਿਤਾਰ ਸਿੰਘ ਵਿਖੇ
ਉਪਰੰਤ ੫-੩੦ ਤੋਂ ੨ ਵਜੇ ਦੁਪਹਿਰ ਤਕ ਅਖੰਡ ਕੀਰਤਨ, ਅਮਨ ਨਗਰ ਦੇ ਖੁਲ੍ਹੇ ਪੰਡਾਲ ਵਿਖੇ

ਪੁਛ ਗਿਛ-ਭਾਈ ਗੁਰਬਖਸ਼ ਸਿੰਘ
ਮਕਾਨ ਨੰ: ੪੦, ਪਰਮਜੀਤ ਗੰਜ, ਕਪੂਰਥਲਾ

ਦਾਸਰੇ
ਅਖੰਡ ਕੀਰਤਨੀ ਜੱਥਾ ਜਲੰਧਰ-ਕਪੂਰਥਲਾ

---



www.AKJ.Org